Library IIAS, Shimla
PB 709 Si 64 T
00021572

PB
709
Si 64 T

Library IIAS, Shimla
PB 709 Si 64 T
00021572

੧ ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

'ਨਿਰਗੁਨੀਆਰੇ ਗੁਨੁ ਨਹੀ ਕੋਈ
ਤੁਮ ਦਾਨੁ ਦੇਹੁ ਮਿਹਰਵਾਨਾ ॥'

# 'ਤ੍ਰੈਲ ਤੁਪਕੇ'

ਤੇ Trail Tupke

## ਵਿਚਾਰ

ਲਿਖਤ—ਡਾਕਟਰ ਹਰਭਜਨ ਸਿੰਘ ਐਫ. ਐਸ. ਆਰ. ਸੀ.
Dr Harbhjan Singh

ਪ੍ਰਕਾਸ਼ਕ—ਭਾਈ ਸਾਹਿਬ ਭਾਈ ਵੀਰ ਸਿੰਘ ਸਟੱਡੀ ਸਰਕਲ,
੯੦ ਲੋਧੀ ਰੋਡ, ਨਵੀਂ ਦਿੱਲੀ

ਕੀਮਤ ≡) ਪ੍ਰਤੀ ਕਾਪੀ

ਆਦਰਸ਼ ਪ੍ਰੈਸ, ਜਾਲੰਧਰ ਸ਼ਹਿਰ ।

# ਪੁਰਾਣਾ ਪੰਥ ਸੇਵਕ ਅਖਬਾਰ

## ਖਾਲਸਾ ਸਮਾਚਾਰ

'ਖਾਲਸਾ ਸਮਾਚਾਰ' ਅਖਬਾਰ ਪੁਰਾਣਾ ਤੇ ਪੰਥ ਸੇਵਕ ਅਖਬਾਰ ਹੈ, ੧੮੯੯ ਈ: ਤੋਂ ਜਾਰੀ ਹੋਇਆ ਹੈ। ਅਜ ਇਸ ਨੂੰ ਜਾਰੀ ਹੋਇਆਂ ਅੱਧੀ ਸਦੀ ਤੋਂ ਵਧੀਕ ਹੋ ਗਈ ਹੈ ਤੇ ਤਦ ਤੋਂ ਇਹ ਪੰਥ ਸੇਵਾ ਦੇ ਮੈਦਾਨ ਵਿਚ ਨਿਰਮਾਣ ਹੋ ਕੇ ਲਗਾਤਾਰ ਅਣਥਕ ਸੇਵਾ ਕਰ ਰਿਹਾ ਹੈ। 'ਖਾਲਸਾ ਸਮਾਚਾਰ' ਖਾਲਸੇ ਦਾ ਧਾਰਮਕ ਅਖਬਾਰ ਹੈ, ਜਿਸ ਦੇ ਲੇਖ ਆਤਮਾ ਦੀ ਰੂਹਾਨੀ ਖੁਰਾਕ, ਧਾਰਮਕ ਗਿਆਨ ਪਾਠਕਾਂ ਨੂੰ ਦੇ ਕੇ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਬਖਸ਼ੇ ਆਦਰਸ਼ ਦੇ ਰਸਤੇ ਪਰ ਰੌਸ਼ਨੀ ਪਾਉਂਦੇ ਹਨ। ਗੁਰ ਸਿਖੀ, ਗੁਰਮਤ ਪ੍ਰਚਾਰ, ਗੁਰਬਾਣੀ ਵਯਾਖਯਾ, ਗੁਰ ਇਤਿਹਾਸ ਧਾਰਮਕ ਦਰਸ਼ਨ, ਧਾਰਮਕ ਜੀਉਂਕਿਆਂ, ਮਹਾਂ ਪੁਰਖਾਂ, ਸੰਤਾਂ ਦੇ ਜੀਵਨ ਸਮਾਚਾਰ, ਆਤਮ ਕਥਾ, ਨੀਤੀ ਵਾਰਤਾ ਆਦਿ ਪਾਠਕਾਂ ਦੀ ਸਿੰਮ੍ਰਤੀ ਵਿਚ ਹਰ ਹਫਤੇ ਤਾਜ਼ੇ ਕਰਨੇ ਇਸ ਦੇ ਮੁੱਖ ਕਰਤੱਵਾਂ ਵਿਚੋਂ ਹਨ। ਇਸ ਦਾ ਮੁਖ ਨਿਸ਼ਾਨਾ ਹਰ ਪਹਿਲੂ ਤੋਂ ਪੰਥਕ ਉੱਨਤੀ ਤੇ ਸਰਵ ਸੁਖਦਾਈ ਸਿਖੀ ਆਦਰਸ਼ ਦਾ ਪ੍ਰਚਾਰ ਹੈ। ਇਹ ਪਰਚਾ ਹਰ ਸਿਖ ਘਰ ਵਿਚ ਬੱਚੇ ਬੁੱਢੇ ਮਾਈ ਭਾਈ ਦੇ ਪੜ੍ਹਨ ਯੋਗ ਹੈ। ਜੇ ਤੁਸੀਂ ਅਜੇ ਇਸ ਦੇ ਗ੍ਰਾਹਕ ਨਹੀਂ ਬਣੇ ਤਾਂ ਅਜੇ ਹੀ, ਪਹਿਲੀ ਫੁਰਸਤ ਵਿਚ ੬) ਚੰਦਾ ਸਲਾਨਾ ਮਨੀ ਆਰਡਰ ਦੁਆਰਾ ਭੇਜ ਕੇ ਇਸ ਦੇ ਗ੍ਰਾਹਕ ਬਣੋ। ਕੋਈ ਸਿਖ ਘਰ ਇਸ ਦੇ ਪਾਠ ਤੋਂ ਵਿਰਵਾ ਨਹੀਂ ਰਹਿਣਾ ਚਾਹੀਏ।

ਚਿੱਠੀ ਪਤਰ ਕਰਨ ਤੇ ਮਨੀ ਆਰਡਰ ਭੇਜਣ ਦਾ ਪਤਾ—

**ਮੈਨੇਜਰ—ਖਾਲਸਾ ਸਮਾਚਾਰ**

ਹਾਲ ਬਜ਼ਾਰ, ਅੰਮ੍ਰਿਤਸਰ

੧ ੴ ਸਤਿਗੁਰਪ੍ਰਸਾਦਿ ॥

# 'ਤ੍ਰੈਲ ਤ੍ਰੁਪਕੇ'

## ਤੇ

## ਵਿਚਾਰ

[ਲਿਖਤ ਡਾਕਟਰ ਹਰਭਜਨ ਸਿੰਘ ਜੀ ਐਫ. ਆਰ. ਸੀ. ਐਸ.]

ਕੁਦਰਤ ਵਿਚੋਂ ਕਾਦਰ ਦਾ, ਉਸ ਦੇ ਗੁਣਾਂ ਦਾ ਝਲਕਾ ਪੈਂਦਾ ਹੈ। ਹਰ ਆਰਟਿਸਟ (artist) ਦੇ ਆਰਟ ਤੋਂ ਉਸ ਦੀ personality (ਵਿਯੱਕਤੀ), ਉਸ ਦੇ ਖਿਆਲਾਂ ਦਾ ਅੰਦਾਜ਼ਾ ਲਗਦਾ ਹੈ। ਜਿੰਨਾ ਕਿ ਕੋਈ ਆਰਟਿਸਟ ਆਪਣੇ ਖਿਆਲ, ਆਪਣੀ personality, ਆਪਣਾ ideal (ਆਦਰਸ਼) ਆਪਣੇ ਆਰਟ ਵਿਚ ਚੰਗੀ ਤਰ੍ਹਾਂ ਦਿਖਲਾ ਸਕਦਾ ਹੈ, ਉਨਾ ਹੀ ਉਹ ਉਸ ਆਰਟ ਵਿਚ efficient ਜਾਂ ਆਰਟ ਦਾ ਚੰਗਾ ਕਾਰੀਗਰ ਹੈ। ਉਸ ਦੇ ਆਰਟ ਤੋਂ ਉਸ ਦੀ personality ਦੀ quality (ਸਿਫਤ) ਤੇ hight (ਉਚਾਈ) ਦਾ ਵੀ ਕੁਝ ਪਤਾ ਲਗਦਾ ਹੈ ਕਿ ਉਹ ਕਿਸ ਪਾਏ ਦਾ,



ਲਕਸ਼ਮੀ ਪ੍ਰੈਸ, ਜਾਲੰਧਰ ਸ਼ਹਿਰ।

ਕਿਸ ਮਿਆਰ ਦਾ ਬੰਦਾ ਹੈ, ਕਿਤਨਾਂ ਉਚਾ ਹੈ ਇਨਸਾਨੀਅਤ ਦੇ scale (ਮਾਪ) ਵਿਚ।

ਜਦ ਮੈਨੂੰ ਮੇਜਰ ਮਹਿਤਾਬ ਸਿੰਘ ਜੀ ਨੇ ਕਿਹਾ ਕਿ ਅਜ ਦੇ ਦਿਨ ਦਸ ਪੰਦਰਾਂ ਮਿੰਟ ਲਈ ਮੈਂ 'ਤ੍ਰੇਲ ਤੁਪਕੇ' ਤੇ ਕੁਝ ਕਹਾਂ ਤਾਂ ਮੈਂ ਖਿਆਲ ਕੀਤਾ ਕਿ ਇਤਨੇ ਥੋੜ੍ਹੇ ਚਿਰ ਵਿਚ ਮੈਂ ਇਹੀ ਕਰ ਸਕਾਂਗਾ ਕਿ ਭਾਈ ਸਾਹਿਬ ਜੀ ਦੀ ਇਸ ਰਚਨਾਂ ਤੋਂ ਭਾਈ ਸਾਹਿਬ ਜੀ ਦੇ ਦਰਸ਼ਨ ਦਾ ਝਲਕਾ ਲੈਣ ਦੀ ਕੋਸ਼ਸ਼ ਕੀਤੀ ਜਾਵੇ। ਸੋ ਇਸ ਖਿਆਲ ਨਾਲ ਜਦ ਮੈਂ ਇਹ ਟ੍ਰੈਕਟ 'ਤ੍ਰੇਲ ਤੁਪਕੇ' ਖੋਹਲਿਆ ਤੇ ਪੜ੍ਹਨਾ ਸ਼ੁਰੂ ਕੀਤਾ ਤਾਂ ਪਹਿਲੇ ਸਫੇ ਤੋਂ ਹੀ ਉਨ੍ਹਾਂ ਦੀ personality (ਵਿਯਕਤੀ)ਦਾ ਬੜਾ clear (ਸਾਫ਼) ਤੇ ਸਪੱਸ਼ਟ ਝਲਕਾ ਪਿਆ। ਇਹ ਨਸਰ ਦੀਆਂ ਸਤਰਾਂ ਸਨ, ਉਨ੍ਹਾਂ ਦੀ ਆਪਣੀ brief preface 'ਦੋ ਗਲਾਂ' ਵਿਚ ਜੋ ਐਉਂ ਹਨ :—

"ਤ੍ਰੇਲ ਦੇ ਸੂਰਜ ਸਮਰਪਤ ਵਜੂਦ ਵਾਂਙੂ ਇਹ 'ਸਭ ਮਹਿ ਜੋਤਿ ਜੋਤਿ ਹੈ ਸੋਇ' ਦੀ 'ਦਰਸ਼ਨ ਤਾਂਘ' ਨੂੰ ਸਮਰਪਤ ਹਨ।" ਜਿਉਂ ਜਿਉਂ ਮੈਂ ਅਗੋਂ poems (ਕਵਿਤਾ) ਪੜ੍ਹੀਆਂ, ਤਿਉਂ ਤਿਉਂ ਇਸ ਵਿਯਕਤੀ (personality ) ਦੇ ਨਕਸ਼ ਅੰਗ ਜ਼ਿਆਦਾ ਸਾਫ ਦਿਸਣ ਲਗ ਪਏ ਤੇ ਇਸ ਦੇ ਕਰਤਬ ਤੇ ਕਰਨੀਆਂ ਵੀ ਦਿਸ ਆਈਆਂ। ਭਾਈ ਸਾਹਿਬ ਦੇ ਆਰਟ ਤੋਂ ਉਨ੍ਹਾਂ ਦੀ ਤਸਵੀਰ, still (ਖੜ੍ਹੋਤੀ) ਨਹੀਂ, ਬਲਕਿ moving (ਹਿਲਦੀ-ਜੁਲਦੀ) ਤਸਵੀਰ ਸਾਹਮਣੇ ਆ ਗਈ। ਮੈਨੂੰ ਹੁਣ ਵਕਤ ਨਹੀਂ ਕਿ ਆਪਨੂੰ ਸੁਵਾਦ ਨਾਲ ਦਰਸਾ ਸਕਾਂ ਕਿ ਕਿਸ ਤਰ੍ਹਾਂ ਕਿਹੜੀ ਕਿਹੜੀ ਕਵਿਤਾ ਉਸ ਤਸਵੀਰ ਦੇ ਅੰਗ ਤੇ ਕਰਮ ਦਰਸਾ ਰਹੀ ਹੈ, ਪਰ ਇੰਨਾ ਹੀ ਦਸ ਸਕਾਂਗਾ ਕਿ ਕਿਤਨੀ clearly ਤੇ strongly

(ਸਪਸ਼ਟ ਤੇ ਪੁਰ ਅਸਰ ਅੱਖਰਾਂ ਵਿਚ) ਭਾਈ ਸਾਹਿਬ ਜੀ ਨੇ ਆਪਣਾ ideal, ਆਪਣੀ perssnality ਇਨ੍ਹਾਂ ਕਵਿਤਾਵਾਂ ਵਿਚ ਮੂਰਤੀਮਾਨ ਕੀਤੀ ਹੈ–ਉਨ੍ਹਾਂ ਦੇ art ਦੀ skill ਜਾਂ efficiency (ਕਾਰਾਗਰੀ) ਕਿਸ ਉਚੇ ਦਰਜੇ ਤੇ ਪਹੁੰਚੀ ਹੈ ਅਤੇ ਇਹ personality ਕਿਹੜੇ ਰੰਗਾਂ ਵਿਚ ਤੇ ਕਿਨ੍ਹਾਂ ਉਚਿਆਈਆਂ ਤੇ ਖੇਡ ਰਹੀ ਹੈ।

ਹਰ ਇਕ ਜੀਵ ਦੀ ਕੋਈ Motive force (ਮਨਤਵੀ ਤਾਕਤ) ਜਾਂ Motive forces (ਤਾਕਤਾਂ) ਹਨ, ਜੋ ਉਸ ਦੇ ਜੀਵਨ ਨੂੰ control ਤੇ Mould ਕਰਦੀਆਂ (ਚਲਾਂਦੀਆਂ ਤੇ ਢਾਲਦੀਆਂ) ਹਨ। Predominent motive force (ਜ਼ੋਰਦਾਰ ਮਨਤਵੀ ਤਾਕਤ) ਜਾਂ forces ਤੋਂ personality ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਭਾਈ ਸਾਹਿਬ ਜੀ ਦੇ ਜੀਵਨ ਦੀ ਇਕੋ ਹੀ motive force ਹੈ ਜਿਵੇਂ ਉਨ੍ਹਾਂ ਨੇ ਆਪ ਇਥੇ ਦਸੀ ਹੈ–ਦਰਸ਼ਨ ਤਾਂਘ। ਜਦ ਸਾਰੇ mind (ਮਨ) ਦੀ ਤਾਕਤ ਇਕੋ ਪਾਸੇ ਲਗ ਜਾਵੇ–mind ਦੀ ਇਕੋ motive force ਹੋ ਜਾਵੇ, mind (ਮਨ) ਨੂੰ ਚਲਾਣ ਵਾਲੀ ਇਹ impluse ਹੋਵੇ ਤਾਂ ਉਹ ਮਨ concentrated (ਇਕਾਗਰ) ਹੋ ਜਾਂਦਾ ਹੈ; ਇਕਾਗਰ ਹੋਇਆ ਮਨ ਬਲਵਾਨ ਹੁੰਦਾ ਹੈ।

ਅਗਲੀਆਂ ਕਵਿਤਾਵਾਂ ਤੋਂ ਆਪ ਨੂੰ ਇਹ ਦਰਸ ਤਾਂਘ ਆਪਣੇ ਜੋਬਨ ਵਿਚ ਦਿਸੇਗੀ, ਪਰ ਇਥੇ ਮੈਂ ਸਿਰਫ ਇਸ਼ਾਰੇ ਮਾਤਰ ਇਕ ਇਕ ਸਤਰ ( line )ਹੀ ਪੜ੍ਹਾਂਗਾ, ਪੂਰੀਆਂ ਕਵਿਤਾਵਾ ਤੁਸੀਂ ਆਪ ਮੁੜ ਮੁੜ ਪੜ੍ਹ ਕੇ ਸੁਆਦ ਲੈਣਾ।

੧. ਦੀਦੇ ਦੇਖਣ ਹਾਰੇ ਦੇ ਕੇ ਨਜ਼ਰੋਂ ਪਰੇ ਨਾ ਹਟੇ ਹਾ।

੨. ਮਿਟਦੀ ਨਾ ਤਾਂਘ ਅਰੂਪ ਦੀ ਪਲ ਰੂਪ ਤੇ ਫਿਰ ਭੁਖੀਆਂ।



ਲਛਮੀ ਪ੍ਰੈਸ, ਜਾਲੰਧਰ ਸ਼ਹਿਰ।

੩. ਨੈਣ ਭਰਨ ਖਿੱਚ ਚੜ੍ਹੇ ਕਾਲਜੇ ਬਉਰਾਨੀ ਹੋ ਜਾਵਾਂ।

੪. ਆਸੰਙ ਘਟਦੀ ਝਮਕਣ ਮੰਦੀ ਤਾਂਘ ਦਰਸ ਦੀ ਵਧਦੀ।

ਪੰਜਵੀਂ ਕਵਿਤਾ (ਤ੍ਰੇਲ ਤੇ ਸੂਰਜ) ਵਿਚ ਭਾਈ ਸ ਹਿਬ ਦੇ ਆਰਟ ਦੀ ਖੂਬੀ ਤੇ ਉਸ ਵਿਚੋਂ ਚਮਕ ਰਹੀ, ਉਨ੍ਹਾਂ ਦੀ personality ਦੀ beauty (ਸੁੰਦਰਤਾ) ਦੋਵੇਂ ਕਮਾਲ ਤੇ ਪੁਜ ਗਏ ਹਨ ਤੇ ਇਸ ਤਰ੍ਹਾਂ harmoniously blended (ਇਕ ਸੁਰ ਹੋਏ) ਹਨ, ਜਿਵੇਂ ਕੁਦਰਤ ਦੀ ਕਾਰਗਰੀ ਵਿਚ ਸਾਇੰਸ, utility ਲੋੜ ਤੇ, ਸੁੰਦਰਤਾ ਆਪਸ ਵਿਚ ਇਕ-ਮਿਕ ਹਨ। ਇਹ ਨਿੱਕੀ ਜਿਹੀ ਪਰ ਮਹਾਨ ਅਰਥ ਤੇ ਡੂੰਘੇ ਅਸਰ ਵਾਲੀ ਕਵਿਤਾ ਮੈਂ ਆਪ ਨੂੰ ਸਾਰੀ ਪੜ੍ਹ ਕੇ ਸੁਣਾ ਦੇਂਦਾ ਹਾਂ।

(੧) ਘਾਹ ਉਤੇ ਮੈਂ ਪਈ ਤ੍ਰੇਲ ਹਾਂ, ਨੈਣ ਨੈਣ ਹੋ ਰਹੀਆਂ,
(੨) 'ਦਰਸ ਪਿਆਸ' ਵਿਚ ਨੈਣ ਭਰ ਰਹੇ ਪਾਣੀਪਾਣੀਹੋਈਆਂ।
(੩) 'ਦਰਸ ਪਿਆਸ' ਹੁਣ ਰੂਪ ਮੇਰਾ ਹੈ, ਮੈਂ ਵਿਚਹੋਰ ਨਬਾਕੀ.
(੪) ਚੜ੍ਹ ਅਟਾਰੀਓਂ, ਆ ਅੰਗ ਲਗਾ, ਮੈਂ ਵਿਛੀ ਤੇਰੇਰਾਹਪਈਆਂ।

ਇਨਸਾਨ ਦੀ personality (ਵਿਯਕਤੀ) ਦੇ ਚਾਰ ਹਿਸ ਹਨ–ਸਰੀਰ, ਮਨ, ਆਤਮਾ ਤੇ ਪਰਮ ਆਤਮਾ। ਚਾਰ ਸਤਰਾਂ ਵਿਚ ਇਨ੍ਹਾਂ ਚੌਹਾਂ ਦੀ symbolic (ਦ੍ਰਿਸ਼ਟਾਂਤਕ) ਤਸਵੀਰ ਖਿੱਚ ਦੇਣੀ ਹਰ ਇਕ ਹਿਸੇ ਦੀ ਮਹਾਨ ਸੁੰਦ੍ਰਤਾ ਵਾਲੀ ਤੇ ਇਸ ਤਰੀਕੇ ਨਾਲ ਕਿ ਇਨ੍ਹਾਂਦਾ ਆਪਸ ਵਿਚ scientific relation (ਵਿਗਿਯਾਨਕ ਸੰਬੰਧ) ਵੀ ਸਮਝ ਆ ਜਾਵੇ, ਇਕ ਬੜਾ ਅਸਚਰਜ ਜਨਕ ਕਮਾਲ ਹੈ।

(੧) ਇਹ ਪਹਿਲੀ ਸਤਰ ਸਰੀਰ ਸਬੰਧੀ ਹੈ। "ਘਾਹ ਉਤੇ ਮੈਂ ਪਈ ਤ੍ਰੇਲ ਹਾਂ"–ਕਿਤਨੀ ਗਰੀਬੀ ਨਿਮ੍ਰਤਾ ਤੇ ਨਿਰਮਾਣਤਾ ਹੈ, ਪਰ ਨਾਲ ਹੀ ਇਸ ਗਰੀਬੀ ਵਿਚ ਕਿਤਨੀ richness (ਅਮੀਰੀ)

ਹੈ। ਤ੍ਰੇਲ ਦੇ ਤੁਪਕੇ ਵਿਚ ਮੋਤੀ ਦੀ ਡਲ੍ਹਕ ਤੇ ਹੀਰੇ ਦੀ ਚਮਕ ਹੈ। ਇਸ ਨਿਕੇ ਜਿਹੇ ਘਾਹ ਉਤੇ ਪਏ ਤੁਪਕੇ—ਨਾ ਚੀਜ਼ ਸਰੀਰ—ਵਿਚ ਕਿੰਨੀ ਸੀਤਲਤਾ ਅਰ ਸੁੰਦ੍ਰਤਾ ਹੈ। ਇਤਨੀ ਨਿਰਮਲਤਾ ਹੈ ਕਿ ਰੋਸ਼ਨੀ ਇਸ ਦੇ ਆਰ ਪਾਰ ਜਾ ਰਹੀ ਹੈ।

'ਨੈਣ ਨੈਣ ਹੋ ਰਹੀਆਂ'—ਸਰੀਰ ਦੀ motive force (ਚਲਾਣ ਵਾਲੀ ਤਾਕਤ) ਦਰਸ ਤਾਂਘ ਹੀ ਹੈ; ਸਰੀਰ ਦੇ ਕਰਤਬ ਸਭ ਇਸੇ ਦਰਸ ਤਾਂਘ ਦੇ ਹੁਕਮ ਵਿਚ ਹਨ। ਸਰੀਰ ਦੇ ਸਾਰੇ ਅੰਗ ਤੇਰੇ ਦਰਸ਼ਨ ਨੂੰ ਤਾਂਘ ਰਹੇ ਹਨ। ਤ੍ਰੇਲ ਦਾ ਤੁਪਕਾ heavenly bodies ( ਸੂਰਜ, ਤਾਰੇ, ਆਦਿਕ ) ਵਾਂਗਰ spherical (ਗੋਲ) ਹੈ— cosmic form (ਬ੍ਰਹਮੰਡੀ ਰੂਪ) ਹੈ। ਇਸੇ ਤਰ੍ਹਾਂ ਇਹ ਸਰੀਰ ਕੁਦਰਤ ਦੀ ਕਾਰਾਗਰੀ ਦੇ ਅਸਲੀ ਰੂਪ ਵਿਚ ਹੈ। ਕੋਈ ਬਨਾਵਟ ਆਪਣੀ ਨਹੀਂ, "ਸਾਬਤ ਸੂਰਤ", ਖਾਲਸਾ ਰੂਪ।

(੨) ਇਹ ਦੂਜੀ ਸਤਰ, 'ਦਰਸ ਪਿਆਸ ਵਿਚ ਨੈਣ ਭਰ ਰਹੇ ਪਾਣੀ ਪਾਣੀ ਹੋਇਆ' ਮਨ ਦੀ ਤਸਵੀਰ ਹੈ। ਸਰੀਰ ਇਕ ਛੋਟੀ ਜੇਹੀ ਹਦ ਵਿਚ ਹੈ, ਪਰ ਮਨ ਦੀਆਂ ਹਦਾਂ ਸਰੀਰ ਨਾਲੋਂ ਬਹੁਤ ਬਹੁਤ ਵਿਸ਼ਾਲ ਹਨ, ਇਸਦੀ ਬੜੀ ਦੂਰ ਦੂਰ ਪਹੁੰਚ ਹੈ। 'ਪਾਣੀ ਪਾਣੀ' ਕਹਿਕੇ 'ਤੁਪਕੇ' ਦੀ ਜੋ ਹਦ ਸੀ ਸੋ ਹਟ ਗਈ ਤੇ ਪਾਣੀ ਦੀ ਵਿਸ਼ਾਲਤਾ ਦਰਸਾਈ ਗਈ, ਜਿਵੇਂ ਸਮੁੰਦਰ ਸਭ 'ਪਾਣੀ ਪਾਣੀ' ਹੈ; ਧਰਤੀ ਦੇ ਅੰਦਰ ਬਾਹਰ (ਖੂਹ, ਚਸ਼ਮੇ, ਝੀਲਾਂ, ਦਰਿਯਾ ਆਦਿ) ਪਹਾੜਾਂ ਤੇ (ਬਰਫ, ਗਲੇਸ਼ੀਅਰ—Glacier )ਹਵਾ ਵਿਚ (ਬਦਲ)ਕਈ ਰੂਪ ਵਿਚ 'ਪਾਣੀ ਪਾਣੀ' ਹੈ। ਤੁਪਕਾ (ਸਰੀਰ) ਮਹਦੂਦ ਹੈ ਤੇ ਉਸਦਾ ਰੂਪ ਰੇਖਾ fixed (ਬੱਝੀ ਹੋਈ) ਹੈ, ਪਰ ਪਾਣੀ (ਮਨ) ਵਿਚ ਵਿਸ਼ਾਲਤਾ ਦ੍ਰਵਣਤਾਂ ਹੈ; ਇਹ ਵਗ ਸਕਦਾ ਹੈ ਤੇ ਜਿਸ ਬਰਤਨ ਵਿਚ ਪਾਉ ਉਹੋ ਰੂਪ ਧਾਰ ਲੈਂਦਾ ਹੈ।



ਲਾਦਸੀ ਪ੍ਰੈਸ, ਜਾਲੰਧਰ ਸ਼ਹਿਰ।

'ਦਰਸ ਪਿਅਸ' ਨਾਲ 'ਪਾਣੀ ਪਾਣੀ' ਹੋ ਜਾਣਾ ਦਸਦਾ ਹੈ ਕੇ ਤੇਰੇ ਪ੍ਰੇਮ ਵਿਚ ਮੈਂ ਤੇਰੀ ਰਜ਼ਾ ਨਾਲ ਇਤਨੀ ਇਕ-ਸਵਰ ਹੋ ਹੋ ਗਈ ਹਾਂ ਕੇ ਮੇਰੇ ਵਿਚ ਹੁਣ ਕੋਈ ਹਉਮੈਂ ਨਹੀਂ ਰਹੀ। ਜਿਵੇਂ ਪਾਣੀ ਤੇਰੇ ਬੱਧੇ ਨਿਯਮਾਂ ਵਿਚ ਚਲਦਾ ਹੈ,ਕੋਈ ਆਪਣੀ ਮਰਜ਼ੀਨਹੀਂ ਵਰਤਦਾ ਇਸੇ ਤਰ੍ਹਾਂ ਮਰੀ ਲਾਈਫ਼ (ਜੀਵਨ) ਵੀ ਨਿਰੋਲ ਤੇਰੇ ਹੁਕਮ ਵਿਚ ਇਕ cosmic phenomenon(ਕੁਦਰਤੀ ਬਣਾਵਟ) ਵਾਂਗਰ ਚਲ ਰਹੀ ਹੈ, ਜਿਵੇਂ ਤੱਤ ਹਨ ਇਹ ਮਨ ਦਰਸ ਪਿਆਸ' ਦਾ ਹੀ ਚਲਾਯਾ ਚਲਦਾ ਹੈ,ਹੋਰ ਕਿਸੇ ਤਾਕਤ ਦਾ ਇਸਤੇ ਜ਼ੋਰ ਨਹੀਂ; ਇਸ ਦਰਸਪਿਆਸ ਦਾ ਇਹ ਸਦਾ ਨਿਰਆਲਸ ਤੇfaithful (ਸਿਦਕਵਾਨ) ਸੇਵਕ ਹੈ।ਜਿਵੇਂ ਪਾਣੀ ਮਿੱਥਿਆਂ ਹੋਇਆਂ ਅਸੂਲਾਂ ਤੇ ਸਦਾ ਚਲਦਾ ਹੈ ਤੇਕੋਈ ਤਾਕਤ ਉਨ੍ਹਾਂ ਅਸੂਲਾਂ ਦੇ ਉਲਟ ਉਸਨੂੰ ਨਹੀ ਚਲਾਸਕਦੀ। ਇਹ 'ਜੀਵਤ ਮਿਰਤਕ' ਦਾ ਦਰਜਾ ਹੈ ਪਰ ਇਹ ਪਥਰ ਵਾਂਗਰ ਮਿਰਤਕ ਨਹੀਂ, ਪਾਣੀ ਵਾਂਗਰ ਹੈ ਜਿਸ ਵਿਚ ਦ੍ਰਵਣਤਾ ਹੈ। ਇਹ ਮਨ ਤੱਤਾਂ ਵਾਂਙੂ ਨਿਰਜੀਵ ਨਹੀਂ, ਇਸ ਵਿਚ ਜਿੰਦ ਹੈ, ਚਾਹ ਹੈ, ਇਛਾ ਹੈ, ਮਰਜ਼ੀ ਹੈ,ਪਰ ਸਾਰੀ ਮਰਜ਼ੀ ਇਕੋ ਪਾਸੇ ਦਰਸ ਤਾਂਘ ਵਿਚ ਇਕਾਗਰ ਹੋਣ ਕਰਕੇ ਦਰਸ ਤਾਂਘ ਦੇ ਸਤਯ ਪ੍ਰੇਮ ਨੇਕੀ ਦੇ ਅਸੂਲਾਂ ਵਿਚ ਦ੍ਰਿੜ ਹੋ ਗਈ ਹੈ। ਜਿਵੇਂ ਪਾਣੀ (ਤੇ ਹੋਰ ਤੱਤ) ਆਪਣੇ ਅਸੂਲਾਂ ਵਿਚ ਦ੍ਰਿੜ ਹਨ। ਇਹ ਮਨ ਪਾਣੀ (ਜਾਂ ਤਤਾ) ਵਾਂਗਰ ਅਪਣੀ ਮਰਜ਼ੀ ਨਹੀਂ ਵਰਤਦਾ ਤੇ ਆਪਣੇ ਅਸੂਲਾਂ ਦੇ ਉਲਟ ਨਹੀਂ ਚਲਦਾ ਇਸ ਲਈ ਤਤ ਵਾਂਗਰ ਮਿਰਤਕ ਹੈ। ਇਥੇ ਇਹ ਵੀ ਝਲਕਾ ਪੈਂਦਾ ਹੈ ਕੇ ਦਰਸ ਪਿਆਸ ਨਾਲ ਸਹਿਜੇ ਹੀ ਜੀਵਤ ਮਿਰਤਕ ਦਾ ਦਰਜਾ ਪ੍ਰਾਪਤ ਹੋ ਗਿਆ ਹੈ। ਪਾਣੀ ਦੀ ਸੀਤਲਤਾ, ਸੁੰਦਰਤਾ, ਨਿਰਮਲਤਾ, ਦ੍ਰਵਣਤਾ ਤੇ ਦ੍ਰਿੜਤਾ ਇਸ ਮਨ ਦੇ ਸ਼ਿੰਗਾਰ ਹਨ। ਪਾਣੀ ਦੇ ਹੋਰ ਗੁਣ ਜਿਵੇਂ ਪਰਉਪਕਾਰ, ਮੈਲਾਂ ਧੋਣੀਆਂ, ਹਰਿਆਂ ਕਰਨਾ, ਜੀਵਨ ਦਾ ਅਧਾਰ ਬਖਸ਼ਨਾ, ਸੁੰਦਰਤਾ ਬੇਪ੍ਰਵਾਹੀ

ਤੇ ਪਰਉਪਕਾਰ ਦੇ ਰੂਪ (ਸਦਾ ਵਾਹਿਗੁਰੂ ਜੀ ਦੇ ਰੰਗ ਵਿਚ) –ਜਿਵੇਂ ਗਲੇਸ਼ੀਅਰ, ਦਰਿਆ, ਬਦਲ ਆਦਿ–ਇਹ ਸਾਰੇ ਇਸ ਮਨ ਵਿਚ 'ਪਾਣੀ ਪਾਣੀ' ਕਹਿਣੇ ਕਰਕੇ ਭਾਵ ਪ੍ਰਕਾਸ਼ਤ ਹਨ।

ਤੁਸੀਂ ਕਹੋਗੇ ਕਿ ਇਨ੍ਹਾਂ ਦ੍ਰਿਸ਼ਟਾਂਤਾਂ ਦੇ ਔਗਣ ਵਾਲੇ ਪੱਖ ਮੈਂ ਨਹੀਂ ਲੈ ਰਿਹਾ, ਸਿਰਫ ਆਪਣੇ ਮਤਲਬ ਦੇ ਗੁਣੀ ਪੱਖ ਹੀ ਲੈ ਰਿਹਾ ਹਾਂ; ਪਰ ਮੈਂ ਤੁਹਾਨੂੰ ਕੇਵਲ ਇਹ ਕਹਿਕੇ ਨਹੀਂ ਟਾਲਾਂਗਾ ਕਿ ਦ੍ਰਿਸ਼ਟਾਂਤ ਦਾ ਇਕੋ ਅੰਗ ਲਈਦਾ ਹੈ। ਭਾਈ ਸਾਹਿਬ ਦੇ ਆਰਟ ਦਾ ਇਸ ਕਵਿਤਾ ਵਿਚ ਇਹ ਵੀ ਇਕ ਕਮਾਲ ਹੈ ਕਿ ਹਰ ਦ੍ਰਿਸ਼ਟਾਂਤ ਨੂੰ ਉਸ ਦੇ ਔਗਣਾਂ ਤੋਂ ਨਿਰਮਲ ਕਰ ਦਿਤਾ ਹੈ।

ਪਹਿਲੀ ਲਾਈਨ ਵਿਚ ਨਿਮ੍ਰਤਾ ਨਾਲ, ਨੈਣਾਂ ਵਿਚ ਪ੍ਰੇਮ ਦੀ ਸੁੰਦ੍ਰਤਾ, ਸੀਤਲਤਾ, ਮਸਤੀ ਤੇ ਮਿਠਾਸ ਭਰ ਦਿਤਾ ਹੈ। ਕਾਮ, ਕ੍ਰੋਧ ਦੇ ਤੀਰ ਇਨ੍ਹਾਂ ਇਕਾਗਰ ਹੋਏ ਵਾਹਿਗੁਰੂ ਦੇ ਦਰਸ ਪਿਆਸੇ ਨੈਣਾਂ ਵਿਚ ਕਿਥੇ ?

'ਪਾਣੀ ਪਾਣੀ' ਕਹਿਕੇ ਜਦ ਦਸਿਆ ਕਿ ਤੇਰੇ ਪ੍ਰੇਮ ਵਿਚ ਤੇਰੀ ਰਜ਼ਾ ਨਾਲ ਇਕ ਸੁਰ ਹੋਈ ਹਾਂ, ਜਿਵੇਂ ਤਤ ਨਿਰੋਲ ਤੇਰੇ ਹੁਕਮ ਵਿਚ ਚਲ ਰਹੇ ਹਨ, ਤਾਂ 'ਦਰਸ ਪਿਆਸ' ਨਾਲ ਇਹ ਦਸਿਆ ਹੈ ਕਿ ਮੈਂ ਤਤਾਂ ਵਾਂਗਰ ਨਿਰਜੀਵ ਨਹੀਂ ਹਾਂ, ਮੇਰੇ ਵਿਚ ਜਿੰਦ ਹੈ, ਪਿਆਸ ਹੈ, ਮੈਂ ਜੀਵ ਤਤ ਹਾਂ।

ਦਰਸ ਪਿਆਸ ਨਾਲ ਦ੍ਰਵ ਕੇ ਜੋ ਮਨ 'ਪਾਣੀ ਪਾਣੀ' ਹੋਇਆ ਹੈ, ਉਸ ਵਿਚ ਪਾਣੀ ਦੇ ਔਗਣ ਵਾਲੇ ਪੱਖ ਨਹੀਂ ਆਉਣਗੇ, ਸਿਰਫ ਗੁਣ ਹੀ ਹੋਣਗੇ। 'ਨੈਣ ਭਰ ਰਹੇ' ਵਾਲਾ ਪਾਣੀ ਤਾਂ ਹਮੇਸ਼ਾਂ body temprature (ਸਰੀਰਕ ਨਿੱਘ ਦੀ range (ਮਾਪ) ਵਿਚ ਹੋਵੇਗਾ, ਇਸ ਦੀ ਬਨਾਵਟ ਦਾ) ਕਾਰਖਾਨਾ ਹੀ ਐਸਾ ਹੈ ਕਿ ਇਹ body temprature ਤੇ ਹੀ ਰਹੇਗਾ। ਹੋਰ ਠੰਡਾ, ਤਤਾ ਨਹੀਂ ਹੋ ਸਕਦਾ।



ਲਛਮੀ ਪ੍ਰੈਸ, ਜਾਲੰਧਰ ਸ਼ਹਿਰ।

ਇਸੇ ਤਰ੍ਹਾਂ ਚੌਥੀ ਸਤਰ ਵਿਚ 'ਚੜ੍ਹ ਅਰਸ਼ੋਂ' ਤੇ 'ਤੇਰੇ ਰਾਹ, ਕਹਿਕੇ ਦਸਿਆ ਹੈ ਕਿ ਇਹ ਉਹੋ ਜਿਹੀ ਤ੍ਰੇਲ ਨਹੀਂ ਜੋ ਪੈਰਾਂ ਹੇਠ ਲਿਤੜੀਕੇ ਮਿੱਟੀ ਵਿਚ ਮਿਲ ਜਾਏ। ਇਹ ਅਰਸ਼ੀ 'ਜਾਗਤ ਜੋਤ' ਦੇ ਰਾਹ ਤੇ-ਤੇਰੀ ਸ਼ਰਨ-ਉਸੇ ਜੋਤ ਨਾਲ ਚਮਕ ਰਹੀ ਹੈ ਤੇ ਓਹੀ ਜੋਤ ਇਸ ਨੂੰ ਉਪਰ ਖਿਚ ਕੇ ਅਕਾਸ਼ਾਂ ਵਿਚ ਲੈ ਜਾਂਦੀ ਹੈ।

(ੲ) ਇਹ ਤੀਸਰੀ ਸਤਰ-'ਦਰਸ ਪਿਆਸ ਹੁਣ ਰੂਪ ਮੇਰਾ ਹੈ, ਮੈਂ ਵਿਚ ਹੋਰ ਨਾ ਬਾਕੀ'-ਆਤਮਾ ਦਾ ਰੂਪਕ ਹੈ। ਪਹਿਲੀਆਂ ਦੋ ਸਤਰਾਂ ਵਿਚ 'ਤ੍ਰੇਲ ਤੁਪਕੇ' ਤੇ 'ਪਾਣੀ' ਦੋਹਾਂ symbols (ਦ੍ਰਿਸ਼ਟਾਂਤਾਂ) ਵਿਚ Matter (ਮਾਦਾ) ਹੈ, ਪਰ ਇਸ ਸਤਰ ਵਿਚ ਸਿਰਫ਼ spirit (ਰੂਹ) ਹੀ ਰਹਿ ਗਿਆ ਹੈ। ਇਥੇ ਕੋਈ symbolic matter (ਦ੍ਰਿਸ਼ਟਾਂਤਕ ਮਾਦਾ) ਵੀ ਨਹੀਂ ਵਰਤਿਆ। ਇਥੇ ਕੋਈ ਅਨਾਤਮ ਤਤ ਨਹੀਂ, ਨਿਰੋਲ ਆਤਮਾ ਹੈ। ਆਤਮਾ ਦੀ ਹਸਤੀ ਹੀ 'ਦਰਸ ਤਾਂਘ' ਹੈ। ਸੁਰਤ ਦੇ ਇਸ ਟਿਕਾਣੇ ਮਾਇਆ ਦੀ ਕੋਈ ਲੇਸ ਨਹੀਂ। 'ਮੈਂ ਵਿਚ ਹੋਰ ਨਾ ਬਾਕੀ'-ਕਾਮ ਕ੍ਰੋਧ ਲੋਭ ਮੋਹ ਹੰਕਾਰ ਸਭ ਦੂਰ ਹੋ ਗਏ ਹਨ। ਇਥੇ ਹਉਮੈ ਦਾ ਅਭਾਵ ਹੈ। ਇਥੇ 'ਮੈਂ' ਮਾਇਕ ਹਉਮੈ ਦੀ ਨਹੀਂ ਆਤਮਕ individvality (ਹਸਤੀ) ਹੈ, ਕਿਉਂਕਿ ਸਿਰਫ 'ਦਰਸ ਪਿਆਸ' ਦੀ 'ਮੈਂ' ਹੈ ਜੋ ਆਤਮਾ ਦਾ ਰੂਪ ਹੈ। ਹੁਣ ਮਨ ਤੇ ਸਰੀਰ ਆਤਮਕ ਹਸਤੀ-ਦਰਸ ਤਾਂਘ-ਦੇ ਚਲਾਏ ਹੀ ਚਲ ਰਹੇ ਹਨ, ਹਉਮੈ ਅਧੀਨ ਨਹੀਂ।

ਜੇ ਗਹੁ ਨਾਲ ਦੇਖੀਏ ਤਾਂ ਇਕ ਹੋਰ ਕਟਾਖਸ਼ [ਭੇਦ] ਨਜ਼ਰੀ ਪਏਗਾ। ਦੂਸਰੀ ਤੇ ਤੀਸਰੀ ਸਤਰ ਦੁਹਾਂ ਵਿਚ 'ਦਰਸ ਪਿਆਸ' ਲਿਖਿਆ ਹੈ। ਦੂਸਰੀ ਸਤਰ ਮਨ ਦਾ ਮੰਡਲ ਹੈ, ਤੇ ਤੀਸਰੀ ਆਤਮਕ ਮੰਡਲ। ਦੂਸਰੀ ਸਤਰ ਵਿਚ 'ਦਰਸ ਪਿਆਸ' ਨਾਲ 'ਪਾਣੀ ਪਾਣੀ' ਹੋਈਆਂ matter (ਮਾਦਾ) ਹੈ ਪਰ ਤੀਸਰੀ ਸਤਰ

ਵਿਚ 'ਦਰਸ ਪਿਆਸ' ਨਾਲ 'ਮੈਂ' ਵਿਚ ਹੋਰ ਨਾ ਬਾਕੀ' ਕੋਈ matter ਨਹੀਂ । 'ਦਰਸ ਪਿਆਸ' ਦੇ ਘੇਰੇ ਨੇ matter ਮਾਦਾ) ਤੇ ਸਪਿਰਟ (ਰੂਹ) ਦੋਹਾਂ ਦਾ ਕੁਝ ਹਿੱਸਾ ਆਪਣੇ ਅੰਦਰ ਲੈ ਲਿਆ ਹੈ।'ਦਰਸ ਪਿਆਸ' ਦਾ ਘੇਰਾ thought (ਖ਼ਿਆਲ, ਵਿਚਾਰ) ਮੰਡਲ ਹੈ। ਇਥੇ 'ਦਰਸ ਪਿਆਸ' ਨੇ ਸਾਰਾ thought (ਖਿਆਲ) ਭਰ ਲਿਆ ਹੈ । ਇਸ ਲਈ Thought ਮੰਡਲ 'ਦਰਸ ਪਿਆਸ'ਮੰਡਲ ਬਣ ਗਿਆ ਹੈ। thought(ਵਿਚਾਰ) ਦੇ ਘੇਰੇ ਵਿਚ ਆ ਕੇ matter (ਮਾਦਾ) ਤੇ spirit (ਰੂਹ) ਘੁਲ ਮਿਲ ਰਹੇ ਹਨ। ਇਨਸਾਨ ਦਾ ਮਨ ਇਕ ਅਸਚਰਜ laboratory (ਕਾਰਖਾਨਾ) ਹੈ।ਜਿਸ ਵਿਚ matter(ਮਾਦਾ)ਤੇ ਸਪਿਰਟ (ਰੂਹ) ਦਾ ਮੇਲ ਯਾ ਸੰਗਮ ਹੈ। ਜਾਂ ਇਉਂ ਸਮਝੀਏ ਕਿ ਸਪਿਰਿਟ ਦਾ ਅਸਥੂਲ ਸਿਰਾ thought ਬਣਦਾ ਹੈ ਤੇ matter ਦਾ ਸੂਖਮ ਸਿਰਾ ਵੀ thought ਬਣਦਾ ਹੈ। ਇਨਸਾਨ ਦੇ ਮਨ ਵਿਚ spiritual thought (ਆਤਮਕ ਖਿਆਲ) ਤੇ material thought (ਮਾਦੀ ਖਿਆਲ) ਦੋਹਾਂ ਦਾ ਵਲਵਲਾ ਹੈ। ਇਨਸਾਨ ਦਾ ਮਨ ਇਕ ਪਾਸੇ ਮਾਇਆ ਨਾਲ ਤੇ ਦੂਸਰੇ ਪਾਸੇ ਆਤਮਾ ਨਾਲ ਜੁੜਿਆ ਹੈ। ਮਨ ਦਾ ਇਕ ਹਿੱਸਾ ਮਾਇਕ ਮੰਡਲ ਤੇ ਦੂਜਾ ਆਤਮਕ ਮੰਡਲ ਵਿਚ ਹੈ। ਇਨਸਾਨ ਦੇ ਮਨ ਵਿਚ ਮਾਇਆ ਤੇ ਆਤਮਾ ਦੁਹਾਂ ਦਾ ਆਗਮਨ ਹੈ। ਦੁਖ ਸੁਖ ਦੀ ਕੁੰਜੀ ਇਹੀ ਹੈ ਕਿ ਮਾਇਆ–ਮੋਹ ਨਾਲ ਮਨ ਦੁਖੀ ਤੇ ਆਤਮਕ-ਪ੍ਰੇਮ ਨਾਲ ਸੁਖੀ। ਆਤਮਕ ਮਾਰਗ ਓਹੀ ਹੈ, ਜੋ ਇਸ ਕਵਿਤਾ ਵਿਚ ਦਰਸਾਇਆ ਹੈ–ਵਾਹਿਗੁਰੂ ਜੀ ਦੇ ਦਰਸ਼ਨ ਤਾਂਘ ਨੂੰ ਜੀਵਨ ਸਮਰਪਤ ਕਰਨਾ। ਇਸ ਕਵਿਤਾ ਨਾਲ ਖਿੱਚੀ ਤਸਵੀਰ ਦੇ ਆਤਮਾ, ਮਨ ਤੇ ਤਨ ਕਿਵੇਂ ਇਕ ਸੁਰ ਹੋਦੇ ਹਨ, ਦਰਸ ਤਾਂਘ ਦੀ ਖਿੱਚ ਵਿਚ।



ਲਦਸੀ ਪ੍ਰੈਸ, ਜਾਲੰਧਰ ਸ਼ਹਿਰ।

ਦਰਸ ਤਾਂਘ ਦੀ ਦ੍ਰਵਣਤਾ ਤੇ poetic impluse [ਕਵਿਤਾ-ਜਨਕ ਵਲਵਲਾ] ਨਾਲ ਮਨ ਬੜੇ ਸੂਖਮ ਵਾਯੂ ਮੰਡਲ ਵਿਚ ਚਲਾ ਗਿਆ ਹੈ, ਜਿਥੋਂ ਆਤਮਾ ਦੇ ਉਚਾ-ਖਿਚੂ ਜ਼ੋਰ ਨਾਲ ਹੋਰ ਉਡਾਰੀ ਲੈ ਕੇ 'ਦਰਸ ਪਿਆਸ ਹੁਣ ਰੂਪ ਮੇਰਾ ਹੈ ਮੈਂ ਵਿਚ ਹੋਰ ਨ ਬਾਕੀ' ਦੇ ਆਤਮਕ ਮੰਡਲ ਦਾ ਰੰਗ ਰਸ ਮਾਣਦਾ ਹੈ।

ਪਹਿਲੀ ਸਤਰ ਘਾਹ ਉਤੇ ਮੈਂ ਪਈ ਤ੍ਰੇਲ ਹਾਂ', ਤੇ ਚੌਥੀ ਸਤਰ 'ਵਿਛੀ ਤੇਰੇ ਰਾਹ ਪਈਆਂ' ਦੋਹਾਂ ਵਿਚ ਬਿਸਰਾਮ ਦਾ [ਇਕ ਜਗ੍ਹਾ ਟਿਕਣ ਦਾ] ਪ੍ਰਭਾਵ ਹੈ, ਤੇ ਦੂਸਰੀ ਤੀਸਰੀ lines [ਸਤਰਾਂ] ਵਿਚ thought ਦੀ flight [ਖਿਆਲ ਦੀ ਉਡਾਰੀ] ਹੈ, ਤੇ ਕਿਵੇਂ material thought [ਮਾਦੀ ਖ਼ਿਆਲਾਤ] spiritual thought [ਆਤਮਕ ਖਿਅਲਾਂ] ਵਿਚ ਬਦਲਿਆ ਜਾਂਦਾ ਹੈ—ਕਿਵੇਂ ਮਨ ਦੀ laboratory (ਕਾਰਖਾਨੇ)ਵਿਚ matter[ਮਾਦੇ] ਤੋਂ spirit (ਰੂਹ) ਬਣਦਾ ਹੈ।

ਇਹ ਚਾਨਣਾ ਪਾ ਕੇ ਫਿਰ ਆਤਮ ਵਿਸ਼ੇਣੀ ਬੁਧੀ ਜੀਵਨ ਦੀ ਅਗਵਾਈ ਕਰਦੀ ਹੈ, ਜਿਵੇਂ ਅਗਲੀ [ਚੌਥੀ] ਸਤਰ ਵਿਚ ਵਾਹਿਗੁਰੂ ਦੀ ਪ੍ਰਤੀਤੀ, ਟੇਕ, 'ਹੁਕਮ ਰਜਾਈ ਚਲਣਾ', ਸਦਾ ਚਰਨ ਸ਼ਰਨ ਵਾਲੇ ਸਿਮਰਨ ਦਾ ਜੀਵਨ ਦਸਿਆ ਹੈ।

ਕਿਸ ਕਮਾਲ ਨਾਲ ਪਹਿਲੀਆਂ ਤਿੰਨ ਸਤਰਾਂ ਵਿਚ ਓਹ process ਤੇ stages [ਤਰੀਕੇ ਤੇ ਹਾਲਤਾਂ] ਦਸੇ ਹਨ ਜਿਨ੍ਹਾਂ ਨਾਲ 'ਅਹੰਬੁਧ' 'ਬਿਬੇਕ ਬੁਧ' ਵਿਚ ਬਦਲ ਜਾਂਦੀ ਹੈ, ਤੇ ਚੌਥੀ ਸਤਰ ਵਿਚ ਇਸ ਬੁੱਧੀ ਵਾਲਾ ਜੀਵਨ।

'ਦਰਸ ਪਿਆਸ ਹੁਣ ਰੂਪ ਮੇਰਾ ਹੈ ਮੈਂ ਵਿਚ ਹੋਰ ਨ 'ਬਾਕੀ' ਇਸ ਸਤਰ ਵਿਚ ਇਕ ਹੋਰ ਸਵਾਦਲਾ ਭੇਦ ਹੈ। ਇਹ ਕੈਸੀ ਪਿਆਸ ਹੈ ਜੋ 'ਪਾਣੀ' ਵਿਚ ਰੂਪਵਾਨ ਹੋ ਰਹੀ ਹੈ, ਇਹ ਕੈਸਾ

ਪਾਣੀ ਹੈ ਜੋ ਪਿਆਸ ਦਾ ਰੂਪ ਹੈ, ਜਿਸ ਤੋਂ ਪਿਆਸ ਉਪਜ ਰਹੀ ਹੈ ! ਇਹ ਆਤਮਾ ਹੈ, ਅੰਮ੍ਰਿਤ ਜਲ; ਵਾਹਿਗੁਰੂ ਜੀ ਦੀ ਪ੍ਰੇਮ ਖਿਚ ਇਸ ਵਿਚ ਪੈ ਰਹੀ ਹੈ, ਜੋ ਇਸਦੀ ਅਮਰ ਦਰਸ ਤਾਂਘ ਹੈ। ਇਸ ਅੰਮ੍ਰਿਤ [ਜਲ] ਅੰਦਰ ਅਮਰ ਪਿਆਸ ਹੈ-ਵਾਹਿਗੁਰੂ ਦੇ ਮਿਲਾਪ ਦੀ-ਜਿਵੇਂ ਤ੍ਰੇਲ [ਦੇ ਪਾਣੀ] ਵਿਚ ਸੂਰਜ ਦੀ ਪਿਆਸ ਹੈ। ਤ੍ਰੇਲ ਸੂਰਜ ਦੇ ਦਰਸ਼ਨ ਵਿਚ ਸਮਾ ਜਾਂਦੀ ਹੈ, ਤਿਵੇਂ ਆਤਮਾ ਦੀ ਵਾਹਿਗੁਰੂ ਦੇ ਦਰਸ਼ਨ ਵਿਚ ਸਮਾਈ ਹੈ। ਆਤਮਾ ਦਾ ਵਜੂਦ ਹੀ ਦਰਸ ਪਿਆਸ ਹੈ।

(ਘ) 'ਚੜ੍ਹ ਅਰਸ਼ੋਂ ਆ ਅੰਗ ਲਗ ਮੈਂ ਵਿਛੀ ਤੇਰੇ ਰਾਹ ਪਈ ਆਂ।'

ਤੀਸਰੀ ਸਤਰ ਵਿਚ 'ਮੈਂ ਵਿਚ ਹੋਰ ਨਾ ਬਾਕੀ' ਦੀ ਅਵੱਸਥਾ ਵਿਚ ਆਪਣੀ ਅੰਦਰਲੀ ਸੁੰਦ੍ਰਤਾ ਦਾ ਅਹਿਸਾਸ ਹੈ। ਸਾਰੀ ਹਉਂ ਦੀ ਨਿਵਿਰਤੀ ਤੇ ਮਨ ਦੇ ਚੁਗਿਰਦਿਉਂ ਮਾਇਆ ਮੋਹ ਦੀ 'ਕਮਲਾ ਭ੍ਰਮ-ਭੀਤ' ਹਟਣ ਨਾਲ ਜਦ ਮਨ ਆਤਮਾ ਦੀ ਸੁੰਦ੍ਰਤਾ ਦੇ ਪ੍ਰਕਾਸ਼ ਨਾਲ ਭਰ ਜਾਂਦਾ ਹੈ ਤਾਂ ਫਿਰ ਇਸ ਭਰਵੀਂ ਸੁੰਦ੍ਰਤਾ ਦੇ ਅਹਿਸਾਸ ਨਾਲ ਦਰਸ-ਤਾਂਘ ਦੀ ਆਸ ਵਿਚ ਮਿਲਾਪ ਦਾ ਵਿਸ਼ਵਾਸ ਭਰ ਜਾਂਦਾ ਹੈ। ਜਿਵੇਂ ਕਿ ਪਤੀ ਨੂੰ ਰਿਝਾਵਣ ਵਾਲੀ ਇਸਤ੍ਰੀ ਜਦ ਆਪਣੇ ਹਾਰ ਸ਼ਿੰਗਾਰ ਨਾਲ ਭੂਸ਼ਤ ਹੋ ਕੇ ਆਪਣੀ ਸੁੰਦ੍ਰਤਾ ਤਕਦੀ ਹੈ ਤਾਂ ਉਸ ਦੇ ਦਿਲ ਵਿਚ ਨਿਸਚਾ ਆਉਂਦਾ ਹੈ ਕਿ ਹੁਣ ਮੈਨੂੰ ਪਤੀ ਜ਼ਰੂਰ ਗਲ ਲਾਏਗਾ। 'ਦਰਸ ਪਿਆਸ' ਹੁਣ ਰੂਪ ਮੇਰਾ ਹੈ। ਕਿਤਨੀ ਲਟਕ ਹੈ, ਆਪਣੇ ਰੂਪ, ਆਪਣੀ ਸੁੰਦ੍ਰਤਾ ਦੀ ਪ੍ਰਤੀਤੀ ਈ, ਪਰ ਇਥੇ ਹਉਂ ਦੀ ਲੇਸ ਨਹੀਂ, ਕਿਉਂਕਿ ਇਥੇ 'ਮੈਂ ਵਿਚ ਹੋਰ ਨਾ ਬਾਕੀ' ਦੀ-ਆਤਮ ਤਤ ਦੀ, ਵਾਹਿਗੁਰੂ ਦੀ ਜੋਤ ਦੀ-ਸੁੰਦਰਤਾ ਹੈ।

"ਕਾਮ ਕ੍ਰੋਧ ਅਹੰਕਾਰ ਲੋਭ ਹਠ ਮੋਹਨ ਮਨ ਸਿਉ ਸੋ ਲਾਵੈ।



ਲਛਮੀ ਪ੍ਰੈਸ, ਜਾਲੰਧਰ ਸ਼ਹਿਰ।

ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹਿ ਪਾਵੈ ।''

ਪਾਤਸ਼ਾਹ ੧੦

ਜਿਥੇ ਹਉ ਨਹੀਂ, ਉਥੇ ਹੁਣ ਮਿਲਾਪ ਦਾ ਵਰਨਣ ਕਿਵੇਂ ਹੋਵੇ ? ਜਿਵੇਂ ਇਸ ਚੌਥੀ ਸਤਰ ਵਿਚ ਹੋਇਆ ਹੈ । ਅਰਦਾਸ ਵਿਚ– 'ਚੜ੍ਹ ਅਰਸ਼ੋਂ ਆ ਅੰਗ ਲਗਾ ਮੈ''–ਤੇ ਪੂਰਨ ਨਿਮ੍ਰਤਾ ਵਿਚ–'ਵਿਛੀ ਤੇਰੇ ਰਾਹ ਪਈਆਂ ।' ਇਸ ਅਰਦਾਸ ਵਿਚ ਮਿਲਾਪ ਦੀ ਸੁਗੰਧੀ ਲਪਟਾਂ ਮਾਰ ਰਹੀ ਹੈ ਤੇ ਮਿਲਾਪ ਦੀ ਸੰਗੀਤਕ ਲਹਿਰ ਹੈ । ਪੂਰਨ ਹਉਂ ਨਿਵਿਰਤੀ ਦੀ ਤਸਵੀਰ ਹੈ–'ਵਿਛੀ ਤੇਰੇ ਰਾਹ ਪਈਆਂ ।' ਤੇ ਕਿਸ ਤਰ੍ਹਾਂ ਮਿਲਿਆ ਹੈ, ਇਸ ਨਾਲ ਮਿਲਾਪ ਦਾ ਵਿਸ਼ਵਾਸ਼ ! ਜੋ ਰਾਹ ਤੇ 'ਵਿਛੀ' ਹੈ ਉਸ ਨੂੰ ਚਰਨ ਛੋਹ ਜ਼ਰੂਰ ਪ੍ਰਾਪਤ ਹੋਵੇਗੀ, ਤੇ ਫਿਰ ਕੰਠ ਵੀ ਲਗੇਗੀ ਕਿਉਂਕਿ:–

'ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ'

ਜਦੋਂ ਉਪਰੋਂ ਅਵਾਜ਼ ਆਈ–''ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ । ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ'' ਤਾਂ ਭਾਈ ਸਾਹਿਬ ਜੀ ਨੇ ਇਸ ਨਿਕੀ ਜਹੀ ਕਵਿਤਾ 'ਤ੍ਰੇਲ ਤੇ ਸੂਰਜ' ਨਾਲ ਅਰਦਾਸ ਕੀਤੀ । ਅਰਦਾਸ ਤੇ ਮਿਲਾਪ ਵਿਚ ਕੋਈ ਕਾਲ ਵਿਥ ਨਹੀਂ ਪਈ ਕਿਉਂਕਿ ਸ਼ਰਤ ਮਿਲਾਪ ਦੀ ਤਾਂ ਪੂਰੀ ਹੋ ਚੁਕੀ ਸੀ ਜਿਵੇ ਇਸ ਕਵਿਤਾ ਵਿਚ ਅੰਕਿਤ ਹੈ ।

ਸੁਖਮਨੀ ਸਾਹਿਬ ਦਾ ਮਹਾਂ ਵਾਕ ਹੈ:–

''ਚਾਰ ਪਦਾਰਥ ਜੇ ਕੋ ਮਾਗੈ । ਸਾਧ ਜਨਾ ਕੀ ਸੇਵਾ ਲਾਗੈ । ''

ਇਸੇ ਤਰ੍ਹਾਂ ਹਰ ਲੋੜ ਲਈ ਅਗਲੀ ਤੁਕ ਵਿਚ ਸਾਧਨ ਦਸਿਆ ਹੈ ਕੇ ਇਹ ਕੁਝ ਕਰੇ । ਪਰ ''ਜਿਸ ਜਨ ਕਉ ਪ੍ਰਭ ਦਰਸ ਪਿਆਸਾ'' ਉਸਦੇ ਲਈ ਅਗਲੀ ਤੁਕ ਵਿਚ ਨਹੀਂ ਦਸਿਆ ਕਿ ਕੀਹ ਕਰੇ । ਜਦ ਇਨੀ ਦਰਸ ਪਿਆਸ ਹੈ ਕੇ ਉਥੇ ਹੋਰ ਕੁਝ ਬਾਕੀ ਨਹੀਂ, ਤਾਂ ਉਹ ਮਿਲਿਆ ਹੈ । ਇਸ ਲਈ ਅਗਲੀ ਤੁਕ ਹੈ ''ਨਾਨਕ ਤਾਕੈ

ਬਲਿ ਬਲਿ ਜਾਸਾ"।ਦਰਸ ਪਿਆਸ ਜੋ ਹਰ ਵਕਤ ਸੁਰਤ ਨੂੰ ਸਿਮਰਨ ਵਿਚ ਰਖਦੀ ਹੈ ਸਭ ਤੋਂ ਵਡਾ ਸਾਧਨ ਹੈ। 'ਮੈਂ ਵਿਚ ਹੋਰ ਨਾ ਬਾਕੀ' ਤੋਂ ਇਹ ਵੀ ਭਾਵ ਪ੍ਰਗਟਦਾ ਹੈ ਕੇ ਮੇਰੇ ਵਿਚ ਹੋਰ ਕੋਈ ਸਾਧਨ ਨਹੀ,, ਦਰਸ ਪਿਆਸ ਹੀ ਮੇਰਾ ਪ੍ਰੇਮ ਸਾਧਨ ਹੈ।

ਇਹ ਚਉਥੀ ਲਾਈਨ ਪ੍ਰਮਾਤਮਾ ਦੀ ਲਖਾਇਕ ਹੈ। ਪ੍ਰਮਾ-ਤਮਾ ਦਾ ਸੂਰਜ ਨਾਲ symbolization (ਦ੍ਰਿਸਟਾਂਤ ਦੇਣਾ) ਇਥੇ scientifically ਬੜਾ ਢੁਕਦਾ ਹੈ ਪਰ ਇੱਨਾਂ ਸਮਾਂ ਨਹੀਂ ਕੇ ਵਿਸਥਾਰ ਨਾਲ ਆਪਨੂੰ ਦਸ ਸਕਾਂ, ਸਿਰਫ ਇਨਾ ਹੀ ਕਹਕੇ ਸੰਤੋਖ ਕਰਦਾ ਹਾਂ ਕੇ ਧਰਤੀ ਤੇ ਸਭ life (ਜੀਵਨ) ਸੂਰਜ ਦੀ radiation (ਸ਼ਕਤੀ) ਦੇ ਅਧਾਰ ਤੇ ਹੈ।

ਤ੍ਰੇਲ ਦਾ ਤੁਪਕਾ ਰਾਤ੍ਰੀ ਵਿਚ ਰੂਪਵਾਨ ਹੋਇਆ, ਅਰੂਪ ਅਵ-ਸਥਾ ਤੋਂ, ਅਕਾਸ਼ਾ ਤੋਂ ਘਾਹ ਉਤੇ। ਪਹੁ ਫੁਟਾਲੇ ਵੇਲੇ ਸੂਰਜ ਦੀ indierct light, reflected and refracted(ਪਰਤਵੀਂ ਤੇਪੁਣਵੀਂ ਰੋਸ਼ਨੀ)ਨਾਲ ਚਮਕਦਾ ਹੈ, ਸੂਰਜ ਦੀ ਰੋਸ਼ਨੀ ਉਸਦੇ ਆਰ ਪਾਰ ਜਾ ਰਹੀ ਹੈ ਤੇ ਉਸਨੂੰ ਆਪਣੀ ਜੋਤ ਨਾਲ ਚਮਕਾ ਰਹੀ ਹੈ। ਜਦ ਸੂਰਜ ਚੜ੍ਹਿਆਂ ਸੂਰਜ ਦੀ direct light (ਸਿਧੀ ਰੋਸ਼ਨੀ) ਉਸ ਤੇ ਪੈਂਦੀ ਹੈ ਤਾਂ ਸੂਰਜ ਵਾਂਗ ਚਮਕਦਾ ਸੂਰਜ ਦਾ ਰੂਪ ਦਿਸਦਾ ਹੈ। ਇਸ direct light ਨਾਲ ਤਾਂ ਥੋਹੜੇ ਚਿਰ ਵਿਚ ਹੀ ਅਰੂਪ ਹੋ ਜਾਂਦਾ ਹੈ। ਸੂਰਜ ਦੀ ਜੋਤ ਨਾਲ ਚਮਕਦਾ ਇਹ ਤੁਪਕਾ ਸੂਰਜ ਦੀ ਖਿਚ ਵਿਚ ਹੀ ਸਮਾਂ ਜਾਂਦਾ ਹੈ। ਜਿਵੇਂ ਇਕ ਗੁਰਮੁਖ ਅਰਸ਼ੋਂ ਉਤਰ ਕੇ, ਨਿਮ੍ਰਤਾ ਵਿਚ 'ਆਪਣੇ ਘਰ' ਬੈਠਾ (ਘਾਹ ਉਤੇ ਮੈਂ ਪਈ ਤ੍ਰੇਲ ਹਾਂ) —"ਥਿਰ ਘਰ ਬੈਸਹੁ ਹਰਿ ਜਨ ਪਿਆਰੇ"—ਆਪਣੇ ਜੀਵਨ ਵਿਚ ਵਾਹਿਗੁਰੂ ਦੀ ਜੋਤ ਦਾ ਜਲਵਾ ਦਿਖਾਂਦਾ, ਅੰਤ ਨੂੰ ਵਾਹਿਗੁਰੂ ਜੀ ਦੇ ਪ੍ਰੇਮ ਸਰੂਪ ਵਿਚ ਸਮਾ ਜਾਂਦਾ ਹੈ।



ਜਦਸੀ ਪ੍ਰੈਸ, ਜਾਲੰਧਰ ਸ਼ਹਿਰ।

ਜਦ ਭਾਈ ਸਾਹਿਬ–ਦਰਸ ਪਿਆਸੇ ਹਿਰਦੇ ਨਾਲ –ਘਾਹ ਉਤੇ ਪਈ ਤ੍ਰੇਲ ਵੇਖਦੇ ਹਨ ਤਾਂ ਉਨ੍ਹਾਂ ਦਾ ਕਵੀ ਮਨ ਇਹ ਪ੍ਰਤੀਤ ਕਰਦਾ ਹੈ ਕਿ ਕਿਸੇ ਸਰੀਰ ਨੂੰ ਸਭ ਥਾਈ, ਸਭ ਅੰਗਾਂ ਤੇ, ਅਖਾਂ ਹੀ ਅਖਾਂ ਲਗ ਗਈਆਂ ਹਨ, ਜੋ ਸਾਰੀਆਂ ਅਕਾਸ਼ਾਂ ਵਲ ਤਕਦੀਆਂ ਆਪਣੇ ਅਰਸ਼ੀ ਪ੍ਰੀਤਮ ਦੀ ਉਡੀਕ ਕਰ ਰਹੀਆਂ ਹਨ । ਪਰ ਭਾਈ ਸਾਹਿਬ ਦਾ ਸਤਯਵਾਦੀ ਸੁਭਾਉ ਜਦ ਦੇਖਦਾ ਹੈ ਕਿ ਇਥੇ ਨੈਣਾਂ ਦਾ material (ਮਾਦਾ) ਕੋਈ ਨਹੀਂ (ਭਾਵੇਂ ਰੂਪ ਤੇ ਡਲ੍ਹਕ ਹੈ), ਇਹ ਤਾਂ ਪਾਣੀ ਦੇ ਕਤਰੇ ਹਨ, ਤਾਂ ਕਵੀ ਮਨ ਕਹਿੰਦਾ ਹੈ–'ਦਰਸ ਪਿਆਸ ਵਿਚ ਨੈਣ ਭਰ ਰਹੇ ਪਾਣੀ ਪਾਣੀ ਹੋਈਆਂ ।' ਫਿਰ ਜਦ ਭਾਈ ਸਾਹਿਬ ਦਾ ਸਤਯ ਦਾ ਖੋਜੀ ਸੁਭਾਉ ਵਿਸਮਾਦ ਨਾਲ ਦੇਖਦਾ ਹੈ ਕਿ ਕੈਸਾ ਸੋਹਣਾ ਸਾਫ਼ ਪਾਣੀ ਦਾ ਕਤਰਾ ਹੈ ਤਾਂ ਕਵੀ ਮਨ ਕਹਿੰਦਾ ਹੈ 'ਦਰਸ ਪਿਆਸ ਹੁਣ ਰੂਪ ਮੇਰਾ ਹੈ, ਮੈਂ ਵਿਚ ਹੋਰ ਨਾ ਬਾਕੀ ।' ਇਹ ਨਿਰੋਲ ਦਰਸ ਪਿਆਸ ਤ੍ਰੇਲ ਤੁਪਕੇ ਦੇ ਰੂਪ ਵਿਚ ਰੂਪਵਾਨ ਹੋ ਗਈ ਹੈ। ਹੋਰ ਕੋਈ ਇੱਛਾ ਤਾਂਘ, ਕੋਈ ਮੈਲ (ਚਿੰਤਾ, ਭੈ, ਨਿਰਾ-ਸਤਾ ਆਦਿ) ਇਥੇ ਨਹੀਂ ਹੈ;ਇਸੇ ਵਾਸਤੇ ਐਸਾ ਸੁੰਦਰ ਰੂਪ ਚੜ੍ਹਿਆ ਹੈ। ਇਹ ਨਿਰਮਲ ਜਲ ਹੈ–distilled water ਜਿਸ ਵਿਚ ਕਿਸੇ ਰੰਗ, ਕਿਸੇ ਸ਼ੈ ਦੀ ਮਿਲਾਵਟ ਨਹੀਂ ।ਫਿਰ ਸਾਰੇ,ਸਤਯ ਦਾਢੂੰਡਾਊ ਸੁਭਾਉ ਦਰਸ-ਤਾਂਘਦਾ ਹਿਰਦਾ ਤੇ ਕਵੀ ਮਨ, ਰਲ ਕੇ ਅਲਾਪਦੇ ਹਨ 'ਚੜ੍ਹ ਅਰਸ਼ੋਂ ਆ ਅੰਗ ਲਗਾ ਮੈਂ ਵਿਛੀ ਤੇਰੇ ਰਾਹ ਪਈਆਂ ।' ਕੈਸਾ harmonious blend (ਸੋਹਣੀ ਤਰ੍ਹਾਂ ਮਿਲੇ ਹੋਏ) ਹੈ matter ਤੇ spirit ਦਾ, cause ਤੇ effect (ਕਾਰਣ ਤੇ ਕਾਰਜ) ਦਾ logic ਤੇ emotion (ਅਕਲ ਤੇ ਵਲਵਲਾ) ਦਾ facts ਤੇ imagination (ਦਿਸਦੀ ਅਸਲੀਅਤ ਤੇ ਖ਼ਿਆਲ ਦੀ ਉਡਾਰੀ) ਦਾ, ਜਿਸ ਤਰ੍ਹਾਂ ਕੁਦਰਤੀ ਰਚਨਾ ਵਿਚ ਪਾਇਆ ਜਾਂਦਾ ਹੈ।

ਐਉਂ ਜਾਪਦਾ ਹੈ ਕਿ ਜਿਸ ਸਤਯ ਦੇ ਰਚੇ ਖੰਡ-ਬ੍ਰਹਮੰਡ ਹਨ, ਉਸੇ ਦੀ inspiration ਦੇ ਪ੍ਰਭਾਵ ਨਾਲ ਇਹ ਕਵਿਤਾ ਰਚੀ ਗਈ ਹੈ। 'ਨਾਮ ਕੇ ਧਾਰੇ ਖੰਡ ਬ੍ਰਹਮੰਡ।'

ਇਨ੍ਹਾਂ ਤ੍ਰੇਲ ਤੁਪਕਿਆਂ ਵਿਚ ਨਾਮ ਦੀਆਂ ਹੀਰਾ ਕਣੀਆਂ ਚਮਕ ਰਹੀਆਂ ਹਨ। ਆਓ, ਜ਼ਰਾ ਇਨ੍ਹਾਂ ਦੇ ਵੀ ਦਰਸ਼ਨ ਕਰੀਏ। ਇਸ ਕਵਿਤਾ ਵਿਚ ਸਾਧਨ ਪੱਖ ਤੇ ਪ੍ਰਮਾਰਥ ਬ੍ਰਿਧੀ ਦੀਆਂ ਅਵੱਸਥਾ ਦੇ ਭਾਵ ਸੋਹਣੀ ਤਰ੍ਹਾਂ ਦਸੇ ਹਨ, ਪਰ ਮੈਂ ਇਤਨਾਂ ਹੀ ਸੰਕੋਚਵਾਂ ਬਿਨੈ ਕਰਾਂਗਾ ਕਿ ਜਿਸ ਨਾਲ ਆਪ ਨੂੰ ਨਾਮ ਦੀ ਕਰਨੀ ਦੇ ਜੀਵਨ ਦਾ ਕੁਝ ਝਾਵਲਾ ਪੈ ਸਕੇ। ਨਾਮ ਵਾਲੇ ਪੁਰਸ਼ ਦਾ ਜੀਵਨ ਕੌਣ ਕਥਨ ਕਰ ਸਕਦਾ ਹੈ ?

(੧) 'ਘਾਹ ਉਤੇ ਮੈਂ ਪਈ ਤ੍ਰੇਲ ਹਾਂ'–ਨਿਮ੍ਰਤਾ, ਸੀਤਲਤਾ ਸਭ ਨਾਲ ਪਿਆਰ ਤੇ ਭਲੇ ਦੀ ਧਾਰਨਾ, ਬੁਧੀ ਵਿਚ ਜੋਤ ਦਾ ਪ੍ਰਕਾਸ਼। 'ਨੈਣ ਨੈਣ ਹੋ ਰਹੀਆਂ'–ਸਾਰੀ ਨਜ਼ਰ ਸਾਰੀਆਂ ਅੱਖਾਂ ਅਰਸ਼ਾਂ ਵਲ ਵਾਹਿਗੁਰੂ ਜੀ ਵਲ ਲਗੀਆਂ ਹੋਈਆਂ, ਕੋਈ ਨਜ਼ਰ ਕੋਈ ਝਾਕ ਹੋਰ ਕਿਸੇ ਪਾਸੇ ਨਹੀਂ। ਟੇਕ, ਆਸ, ਭਰੋਸਾ ਸਭ ਵਾਹਿਗੁਰੂ ਤੇ, ਯਾਚਨਾ ਉਸ ਤੋਂ। ਸੇਵਾ ਤੇ ਸਰੀਰ ਦੇ ਕੰਮ ਕਰਦਿਆਂ ਸੁਰਤ ਸਦਾ ਵਾਹਿਗੁਰੂ ਵਲ ਲਗੀ ਰਹਿਣੀ–ਇਹ ਸਿਮਰਨ ਹੈ। 'ਨੈਣ ਨੈਣ ਹੋ ਰਹੀਆਂ'–ਸਾਰੀ ਸੁਰਤ ਦਾ ਸਦਾ ਵਾਹਿਗੁਰੂ ਵਲ ਤਕਦੇ ਰਹਿਣਾ, ਦਰਸ-ਤਾਂਘ ਨਾਲ, ਵਾਹਿਗੁਰੂ ਵਲ ਮਨ ਦੀਆਂ ਅੱਖਾਂ ਖੁਲ੍ਹੀਆਂ–ਵਾਹਿਗੁਰੂ ਦੀ ਯਾਦ ਮਨ ਵਿਚ, ਸੁਰਤ tuned (ਸੁਰ ਹੋਈ) ਵਾਹਿਗੁਰੂ ਵਲ ਉਸ ਦੀ ਮਿਹਰ ਦੀ reception (ਸੁਆਗਤ) ਲਈ। ਤ੍ਰੇਲ ਤੁਪਕੇ ਰੂਪੀ ਨੈਣਾਂ ਵਿਚ ਚਮਕ ਹੈ, dullness (ਬਿਨਾਂ ਚਮਕ) ਨਹੀਂ, ਇਹ ਲਖਾਇਕ ਹੈ ਅੰਦਰਲੀ ਅਮੀਰੀ ਖੇੜੇ ਤੇ ਚੜ੍ਹਦੀ ਕਲਾ ਦੀ।

(੨) 'ਦਰਸ ਪਿਆਸ ਵਿਚ ਨੈਣ ਭਰ ਰਹੇ ਪਾਣੀ ਪਾਣੀ

ਲਕਸ਼ਮੀ ਪ੍ਰੈਸ, ਜਾਲੰਧਰ ਸ਼ਹਿਰ।

ਹੋਈਆਂ।' ਸਿਮਰਨ ਨਾਲ ਨਾਮ ਮਨ ਵਿਚ ਦ੍ਰਿੜ੍ਹ ਹੋ ਗਿਆ ਹੈ, ਮਨ ਵਿਚ ਨਾਮ ਦੇ ਗੁਣ ਆ ਗਏ ਹਨ ਦ੍ਰਵਣਤਾ, ।ਮਠਾਸ, ਸਤਯ ਦੇ ਅਸੂਲਾਂ ਦੀ ਦ੍ਰਿੜ੍ਹਤਾ, 'ਹੁਕਮ' ਵਿਚ ਇਕ ਸੁਰ ਹੋਣਾ, ਨੇਕੀ ਪ੍ਰੇਮ ਉਮਾਹੁ ਪਰ ਉਪਕਾਰ–ਪਾਣੀ ਵਾਂਗੂ–ਜਿਵੇਂ ਉਪਰ ਦਸ ਆਏ ਹਾਂ । 'ਦਰਸ ਤਾਂਘ ਵਿਚ ਜੇ ਨੇਤ੍ਰ ਸਜਲ ਹੋਏ ਹਨ ਇਹ ਤਾਂ ਅੰਦਰ ਵਾਹਿਗੁਰੂ ਜੀ ਦਾ ਪ੍ਰਭਾਵ ਹੈ। ਜਦੋਂ ਦਰਸ ਦੀ ਆਸਾ ਵਧਦੀ ਹੈ, ਵਾਹਿਗੁਰੂ ਜੀ ਨੇੜੇ ਨੇੜੇ ਲਗਦੇ ਹਨ ਵਾਹਿਗੁਰੂ ਜੀ ਦੇ ਝਾਵਲੇ ਪੈਂਦੇ ਹਨ ਤਾਂ ਨੇਤ੍ਰ ਸਜਲ ਹੋਣ ਨਾਲ ਅੰਦਰ ਠੰਢ ਤੇ ਸਵਾਦ ਆ ਜਾਂਦਾ ਹੈ, ਇਹ ਜਲ ਰਸ ਦਾ ਲਖਾਇਕ ਹੈ।' 'ਪਾਣੀ ਪਾਣੀ ਹੋਈਆਂ', ਰਸ ਨਾਲ ਭਰ ਗਈ ਹਾਂ। ਇਸ ਤਰ੍ਹਾਂ ਦੇ ਭਾਵ ਭਾਈ ਸਾਹਿਬ ਦੀ ਰਚਨਾਂ ਵਿਚ ਆਪ ਨੇ ਹੋਰ ਥਾਂ ਪੜ੍ਹੇ ਹੋਣਗੇ। ਇਹੀ feeling (ਪ੍ਰਤੀਤੀ)ਅਗਲੀ ਸਤਰ ਵਿਚ ਪੂਰਣਤਾ ਤੇ ਪੁਜ ਜਾਂਦੀ ਹੈ।

(੩) 'ਦਰਸ ਪਿਆਸ ਹੁਣ ਰੂਪ ਮੇਰਾ ਹੈ ਮੈਂ ਵਿਚ ਹੋਰ ਨਾ ਬਾਕੀ'–ਆਪਣੇ ਅੰਦਰਲਾ ਰੂਪ ਸੁੰਦਰਤਾ ਤੇ ਉਸ ਦਾ ਸੁਰੂਰ। ਰਸ ਹੀ ਰਸ ਨਿਰਮਲਤਾ ('ਮੈਂ ਵਿਚ ਹੋਰ ਨਾ ਬਾਕੀ') ਦਾ ਤੇ ਮਨ ਵਿਚ ਪੈ ਰਹੇ ਪ੍ਰਕਾਸ਼ ਦਾ, ਹੋਰ ਕੋਈ ਸੋਚ ਵਿਚਾਰ ਮਨ ਵਿਚ ਨਹੀਂ ਰਿਹਾ, ਮਨ ਦਾ ਸਾਰਾ ਮੰਡਲ 'ਦਰਸ ਪਿਆਸ' ਦੀ ਆਤਮਕ ਸੁੰਦਰਤਾ ਤੇ ਰਸ ਨਾਲ ਭਰ ਗਿਆ ਹੈ ਤੇ ਇਸ ਰਸ ਰੂਪ ਦੀ ਮਸਤੀ ਵਿਚ ਆਵਾਜ਼ਾਂ ਦੇਂਦੀ ਹੈ ਆਪਣੇ ਸਾਈਂ ਨੂੰ ਕਿ ਹੁਣ ਤੂੰ ਆ ਜਾ ਹੋਰ ਇਥੇ ਹੁਣ ਕੋਈ ਨਹੀਂ:–

(੧੪) 'ਚੜ੍ਹ ਅਰਸ਼ੋਂ ਆ ਅੰਗ ਲਗਾ ਮੈਂ'–ਇਤਨੀ ਉਚੀ ਅਵੱਸਥਾ ਪਾ ਕੇ, 'ਦਰਸ ਪਿਆਸ' ਦੇ ਜੋਬਨ ਵਿਚ, 'ਮੈਂ ਵਿਚ ਹੋਰ ਨਾ ਬਾਕੀ' ਦੇ ਰੂਪ ਵਿਚ, ਮਿਲਾਪ ਦੇ ਚਾਉ ਦੀ ਸੁਗੰਧੀ ਦੀਆਂ ਲਪਟਾਂ ਨਾਲ ਅੰਗ ਲਗਣ ਦੇ ਲਾਇਕ ਹੋ ਕੇ ਆਵਾਜ਼ ਵਿਚ ਕੋਈ ਸ਼ੋਖੀ ਨਹੀਂ। 'ਵਿਛੀ ਤੇਰੇ ਪਦਿਆਂ'–ਪੂਰਨ ਨਿਮ੍ਰਤ

ਜੋ ਪਹਿਲੇ ਸੀ, ਓਹੀ ਸਾਧਨ, ਸੁਰਤ ਸਦਾ ਉਸ ਦੀ ਚਰਨ ਸ਼ਰਨ ਸਦਾ ਉਸ ਦੇ ਸਿਮਰਨ ਅਰਦਾਸ ਵਿਚ।

ਕਵਿਤਾ ਸ਼ੁਰੂ ਹੋਈ ਸੀ, 'ਘਾਹ ਉੱਤੇ ਮੈਂ ਪਈ ਤ੍ਰੇਲ ਹਾਂ' ਤੇ end (ਖਤਮ ਹੋਈ ਹੈ 'ਵਿਛੀ ਤੇਰੇ ਰਾਹਪਈਆਂ।' ਦੋਹਾਂ ਵਿਚ ਕਿਤਨੀ ਨਿਮ੍ਰਤਾ ਹੈ, ਪਰ ਅਖੀਰਲੀ ਪੰਗਤੀ ਵਿਚ comparatively (ਟਾਕਰੇ ਨਾਲ) ਹੋਰ ਵੀ ਜ਼ਿਆਦਾ ਹਉਂ ਨਿਵਿਰਤੀ ਹੈ। ਪਹਿਲੇ ਤਾਂ ਨੈਣ ਹਨ ਦਰਸ ਤਾਂਘ ਦੇ, ਪਰ ਇਥੇ ਸੇਜਾ ਹੈ ਮਿਲਾਪ ਦੀ– 'ਵਿਛੇ ਤੇਰੇ ਰਾਹ ਪਈਆਂ।' ਕਿਤਨੀ 'ਉਚੀ ਅਵੱਸਥਾ ਕਿਤਨੀ ਨਿੰਮ੍ਰਤਾ ਨਾਲ ਦਰਸਾਈ ਹੈ। ਇਹੀ ਤਾਂ ਗੁਰਮਤ ਦਾ ਸਿਧਾਂਤ ਹੈ। "ਆਪਸ ਕਉ ਜੋ ਜਾਣੈ ਨੀਚਾ–ਸੋਊ ਗਨੀਐ ਸਭ ਤੇ ਊਚਾ"। ਇਹੀ ਨਾਮ ਦੇ ਦਰਸ਼ਨ ਹਨ। 'ਹਉਮੈਂ ਨਾਵੈ ਨਾਲ ਵਿਰੋਧ ਹੈ ਦੋਇ ਨ ਵਸਹਿ ਇਕ ਠਾਇ।" ਜਿਤਨਾ ਜਿਥੇ ਨਾਮ ਦਾ ਪ੍ਰਭਾਵ ਹੈ ਉਤਨਾਂ ਹੀ ਉਥੇ ਹਉਮੈਂ ਦਾ ਅਭਾਵ ਹੈ। "ਦਰਸਨ ਨਾਮ ਕਉ ਮਨ ਆਛੈ। ਭ੍ਰਮ ਆਇਓ ਹੈ ਸਗਲ ਥਾਨ ਰੇ ਆਹਿ ਪਰਿਓ ਸੰਤ ਪਾਛੈ।"

ਇਨ੍ਹਾਂ ਅਮੋਲਕ ਹੀਰਾ ਕਣੀਆਂ ਦੀ ਰਾਖੀ ਦਾ ਤਰੀਕਾ ਵੀ ਭ: ਸ: ਨੇ ਨਾਲ ਹੀ ਦਸ ਦਿਤਾ ਹੈ ਤਾਕਿ ਉਹ ਲੁਟੀਆਂ ਨਾ ਜਾਣ। ਉਹ ਰਾਖੀ ਹੈ–'ਮੈਂ ਵਿਚ ਹੋਰ ਨਾ ਬਾਕੀ,' 'ਹੋਰ'–ਦਰਸ ਤਾਂਘ ਤੋਂ ਬਿਨਾਂ–ਕੋਈ ਆਏ ਤਾਂ ਲੁਟ ਲੈਣਗੇ ਇਨ੍ਹਾਂ ਕਣੀਆਂ ਨੂੰ, ਅਤੇ ਵਾਹਿਗੁਰੂ ਦੀ ਸ਼ਰਨ–'ਵਿਛੀ ਤੇਰੇ ਰਾਹ ਪਈਆਂ'। ਗੁਰ ਵਾਕ ਹੈ–"ਹਰ ਚਰਨ ਸਰਨ ਗੜ ਕੋਟ ਹਮਾਰੈ।"

ਤੁਸੀਂ ਦੇਖੋਗੇ ਕਿ ਪਰਮਾਰਥ ਮਾਰਗ ਦੇ ਇਥੇ ਚਾਰ ਦਰਜੇ ਦਰਸਾਏ ਹਨ।

(੧) ਪਹਿਲੇ ਨਿੰਮਰਤਾ ਨਾਲ ਸੁਰਤ ਨੂੰ ਸਾਂਈ ਵਲ ਲਾਈ ਰਖਣਾ ਤੇ ਸਿਮਰਨ ਵਿਚ ਪਰਪਕ ਕਰਨਾ–



ਲਛਮੀ ਪ੍ਰੈਸ, ਜਾਲੰਧਰ ਸ਼ਹਿਰ।

ਘਾਹ ਤੇ ਪਏ ਤ੍ਰੇਲ ਤੁਪਕੇ ਵਾਂਙ, ਜੋ ਸਦਾ ਸਾਂਈ ਵਲ ਤਕ ਰਿਹਾ ਹੈ।

(੨) ਜਦ ਸਿਮਰਨ ਨਾਲ ਮਨ ਵਿਚ ਦ੍ਰਵਣਤਾ ਤੇ ਨਾਮ ਤੇ ਦ੍ਰਿੜਤਾ ਆਵੇ ਤੇ ਵਾਹਿਗੁਰੂ ਜੀ ਦੀ ਦਰਸ ਪਿਆਸ ਨਾਲ ਮਨ ਭਰਿਆ ਜਾਵੇ, ਇਤਨਾਂ ਕਿ ਵਾਹਿਗੁਰੂ ਜੀ ਦੀ ਰਛਾ ਨਾਲ ਇਕ ਸੁਰ ਤੇ ਸਤਯ ਮਾਰਗ ਤੇ ਚਲਣ ਦੀ ਪਕਿਆਈ ਆ ਜਾਵੇ ਵਾਹਿਗੁਰੂ ਜੀ ਦੇ ਭਰੋਸੇ ਵਿਚ, ਤਾਂ ਫਿਰ ਪਾਣੀ ਵਾਂਙੂ ਉਪਕਾਰ ਦੇ ਕੰਮ।

"ਜਗਤ ਉਧਾਰਣ ਸੇਈ ਆਏ ਜਿਨ ਪ੍ਰਭ ਦਰਸ ਪਿਆਸਾ"

(੩) ਤੀਸਰੀ ਸਤਰ ਦੀ ਅਵਸਥਾ ਵਿਚ ਸਾਰੀ ਸੁਰਤ ਨਾਮ ਦੇ ਅਖੰਡ ਕੀਰਤਨ ਵਿਚ ਲਗੀ ਹੈ ਤੇ ਤਨ ਮਨ ਦੇ ਸਾਰੇ ਕੰਮ ਉਸਦੇ ਉਹੋ ਨਾਮ ਜੋ ਖੰਡ ਬ੍ਰਹਮੰਡ ਚਲਾ ਰਿਹਾ ਹੈ ਤੇ ਜੋ ਉਸਦੇ ਅੰਦਰ ਸਦਾ ਵਸ ਰਿਹਾ ਹੈ—'ਦਰਸ-ਪਿਆਸ' ਦੇ ਰੂਪ ਵਿਚ ਜਿਥੇ ਹੋਰ ਹਉਮੈਂ ਦੀ ਅੰਸ ਨਹੀਂ ਰਹੀ—ਸਹਜੇ ਹੀ ਸਵਾਰ ਰਿਹਾਹੈ।"ਅਚਿੰਤ ਕੰਮ ਕਰਹ ਪ੍ਰਭ ਤਿਨਕੇ ਜਿਨ ਹਰ ਕਾ ਨਾਮ ਪਿਆਰਾ।ਗੁਰ ਪ੍ਰਸਾਦ ਸਦਾ ਮਨ ਵਸਿਆ ਸਭ ਕਾਜ ਸਵਾਰਣ ਹਾਰਾ"

(੪) ਮਨ ਦਾ ਮਿਲਾਪ ਲਈ ਉਮਡਿਆ ਰਹਿਣਾਂ, ਸਦਾ ਅਰਦਾਸ, ਸਦਾ ਚਰਨ ਸਰਨ।

"ਉਮਕਿਉ ਹੀਉ ਮਿਲਣ ਪ੍ਰਭ ਤਾਈ।"

ਇਸ ਕਵਿਤਾ ਵਿਚ ਪੰਜਵੇਂ ਪਾਤਸ਼ਾਹ ਜੀ ਦੇ ਮਹਾਂ ਵਾਕ"ਜਿਸ ਜਨ ਕਉ ਪ੍ਰਭ ਦਰਸ ਪਿਆਸਾ" ਵਾਲੇ ਜਨ ਦੀ ਤਸਵੀਰ ਖਿੱਚਣ ਦਾ ਸਫਲ ਜਤਨ ਹੈ। 'ਪਿਆਸ' ਆਮ ਤੌਰ ਤੇ ਜਿਸਮ ਵਿਚ ਪਾਣੀ ਦੀ ਥੁੜ੍ਹ ਦਸਦਾ ਹੈ, ਪਰ 'ਦਰਸ ਪਿਆਸ' ਇਸ ਤਰ੍ਹਾਂ ਦੀ negativity (ਥੁੜ੍ਹ) ਨਹੀਂ। ਇਹ positivity (ਹੋਂਦ) ਹੈ ਤੇ ਅੰਦਰ ਬੈਠੇ

ਆਤਮਾ ਦੀ ਪ੍ਰਤੀਤੀ ਹੈ। ਸੋ ਜਿਉਂ ਜਿਉਂ ਇਹ 'ਦਰਸ-ਪਿਆਸ' ਵਧੀ ਤਿਉਂ ਤਿਉਂ ਅੰਦਰ ਆਤਮਾ ਦੀ assertion ਯਾ ਪ੍ਰਤੀਤੀ ਵਧੀ।ਪਾਣੀ ਦੀ ਪਿਆਸ ਤੇ ਦਰਸ ਪਿਆਸ ਦੀ ਇਹ ਸਾਂਝ ਜ਼ਰੂਰ ਹੈ ਕਿ ਜਿਵੇਂ ਪਿਆਸੇ ਨੂੰ ਪਾਣੀ ਕਦੀ ਨਹੀਂ ਭੁਲਦਾ ਤਿਵੇਂ ਦਰਸ ਪਿਆਸੇ ਨੂੰ ਵਾਹਿਗੁਰੂ ਨਹੀਂ ਭੁਲਦਾ–ਉਸ ਦੀ ਯਾਦ, ਸਿਮਰਨ, ਪਰਪੱਕ ਹੋ ਜਾਂਦਾ ਹੈ। ਪਰ ਪਿਆਸੇ ਦੀ ਯਾਦ ਨਾਲ ਅੰਦਰ ਕਾਹਲਾ ਪਨ, ਕਲਪਣਾ, ਖੁਪਣਾ ਆਦਿ ਹਨ (ਉਥੇ negativity ਹੈ) ਤੇ ਵਾਹਿਗੁਰੂ ਦੀ ਯਾਦ ਨਾਲ ਅੰਦਰ ਰਸ, ਠੰਡ, ਖੇੜਾ, ਚੜ੍ਹਦੀ ਕਲਾ, ਆਤਮਕ ਬਲ ਆਉਂਦੇ ਹਨ (ਜਿਵੇਂ 'ਤ੍ਰੇਲ ਤੁਪਕੇ ਦੀਆਂ ਹੋਰ ਕਵਿਤਾਂ ਵਿਚ ਦਸਿਆ ਹੈ ਜੋ ਮੈਂ ਹੁਣੇ ਪੜ੍ਹਕੇ ਸੁਣਾਵਾਂਗਾ) ਕਿਉਂਕਿ ਇਥੇ ਆਤਮਕ ਲਖੱਤਾ ਹੈ– positivity (ਹੋਂਦ) ਹੈ।

'ਦਰਸ ਪਿਆਸ ਵਿਚ ਨੈਣ ਭਰ ਰਹੇ ਪਾਣੀ ਪਾਣੀ ਹੋਈਆਂ'– ਕੈਸੀ ਪਿਆਸ ਹੈ ਜਿਸ ਨਾਲ ਤਰਸਦੇ ਕਟੋਰੇ ਭਰ ਗਏ ਹਨ ਤੇ ਸਭ ਪਾਣੀ ਪਾਣੀ ਹੋ ਗਿਆ ਹੈ। ਪਿਆਸ ਦੇ ਉਤਪੰਨ ਹੋਣ ਨਾਲ ਹੀ ਪਾਣੀ ਦੀ ਪ੍ਰਾਪਤੀ ਹੈ। ਕੈਸੀ ਅਚਰਜ ਪਿਆਸ ਹੈ, ਜਿਸ ਵਿਚ ਆਪ ਹੀ ਪਿਆਸ ਦੀ ਪੂਰਤੀ ਹੈ। ਇਹ ਸਾਧਨ ਹੀ ਸਿਧੀ ਹੈ।

"ਹਰ ਸਿਮਰਨ ਮਹਿ ਆਪ ਨਿਰੰਕਾਰਾ"। ਇਹ positive (ਹੋਂਦ ਵਾਲੀ) ਪਿਆਸ ਹੈ। ਇਕ ਹੋਰ ਪਰਮਾਰਥਕ ਭੇਤ ਇਸ ਕਵਿਤਾ ਵਿਚ ਲਸ਼ਕਦਾ ਹੈ। ਕੁਝ ਮਤਾਂ ਵਿਚ ਜਿਥੇ ਮਨ ਦੇ concentration ਦੇ ਸਾਧਨਾਂ ਨਾਲ ਤੇ ਕਰਮ ਦੀਆਂ ਸੁੱਧੀਆਂ ਨਾਲ ਆਤਮਕ ਲਖਤਾ ਤਕ ਪੁਜਦੇ ਹਨ, ਫਿਰ ਅਗੇ ਨਹੀਂ ਹੋਰ ਕੁਝ ਬੁਝਦੇ। ਪਰ ਗੁਰਮਤ ਦੇ ਨਾਮ, ਸਿਮਰਨ ਦੇ ਮਾਰਗ ਵਿਚ ਉਹ 'ਦਰਸ ਤਾਂਘ' ਸਦਾ ਅਗੇ ਧੱਕ ਰਹੀ ਹੈ ਤੇ ਤੋੜ ਪਰਮਾਤਮਾ ਦੇ ਦੇਸ਼ ਪੁਜਾਂਦੀ ਹੈ–"ਸਭ ਮਹਿ ਜੋਤ ਜੋਤ ਹੈ ਸੋਇ" ਦੇ ਦਰਸ਼ਨ



ਲਛਮੀ ਪ੍ਰੈਸ, ਜਾਲੰਧਰ ਸ਼ਹਿਰ।

ਤਕ, ਜਿਵੇਂ ਇਸ ਚੌਥੀ ਸਤਰ ਵਿਚ ਆਤਮਾ ਪੁਕਾਰ ਕਰ ਰਹੀ ਹੈ:— 'ਚੜ੍ਹਅਰਸ਼ੋਂ ਆ ਅੰਗ ਲਗਾ ਮੈਂ ਵਿਛੀ ਤੇਰੇ ਰਾਹ ਪਈਆਂ।'ਆਤਮਕ ਅਵਸਥਾ ਵਿਚ ਪੁਜ ਕੇ ਪ੍ਰਮਾਤਮਾ ਦੀ ਦਰਸ-ਤਾਂਘ ਬਹੁਤ ਪਰਬਲ ਹੈ, ਤੇ ਓਹੋ ਸਾਧਨ, ਓਹੀ ਸਿਮਰਨ, ਓਹੀ ਚਰਨ ਸਰਨ ਦੀ ਅਵਸਥਾ ਹੁਣ ਚੋਟੀ ਤੇ ਹੈ।

ਪਹਿਲੀ ਸਤਰ ਵਿਚ ਸਰੀਰਕ ਸਿਮਰਨ, ਸਿਮਰਨ ਵਿਚ ਫਲਿਆ ਜੀਵਨ; ਦੂਜੀ ਸਤਰ ਵਿਚ ਮਾਨਸਕ (ਮਨ ਦਾ) ਸਿਮਰਨ, ਪਰਉਪਕਾਰੀ ਜੀਵਨ; ਤੀਸਰੀ ਸਤਰ ਵਿਚ ਆਤਮਕਸਿਮਰਨ, ਅਸਚਰਜ ਵਿਸਮਾਦੀ ਜੀਵਨ। ਸਾਰੇ ਸਿਮਰਨ, ਸਾਰੇ ਜੀਵਨ ਦੀ moving force (ਚਲਾਣ ਵਾਲੀ ਤਾਕਤ) ਦਰਸ-ਤਾਂਘ। ਚੌਥੀ ਸਤਰ ਵਿਚ ਪਰਮਾਤਮਾ ਪ੍ਰੇਮ ਜੋਤ ਸਰੂਪ ਜੋ ਆਪਣੀ ਅੰਸ ਆਤਮਾ—ਪ੍ਰੇਮ ਜੋਤ, ਦਰਸ-ਤਾਂਘ, ਖਿਚ ਵਾਲੀ ਯਾਦ—ਇਨਸਾਨ ਦੇ ਹਿਰਦੇ ਵਿਚ ਰਖ ਕੇ ਉਸ ਨੂੰ ਜੀਵਨ ਬਖ਼ਸ਼ ਰਿਹਾ ਹੈ ਤੇ ਪ੍ਰੇਮ ਫੈਲਾਣ ਲਈ ਉਸ ਨੂੰ ਧਰਤੀ ਤੇ ਸਿਕਦਾਰੀ ਬਖ਼ਸ਼ੀ ਹੈ। ਇਹ ਤਸਵੀਰ ਝਲਕਦੀ ਹੈ, ਇਸ ਕਵਿਤਾ ਵਿਚ।

ਥੋੜੇ ਅਖਰਾਂ ਵਿਚ ਇਸ ਕਵਿਤਾ ਦਾ ਭਾਵ ਹੈ ਕਿ ਹੁਣ ਮੈਥੋਂ ਹੋਰ ਸਾਰੇ ਸਾਧਨ ਤੇ ਸਾਰੀਆਂ ਤਾਂਘਾਂ ਛੁਟ ਗਏ ਹਨ। ਮੇਰੇ ਵਿਚ ਇਕੋ ਤੇਰੇ ਦਰਸ਼ਨ ਦੀ ਪਿਆਸ ਹੈ ਤੇ ਇਹੀ ਮੇਰਾ ਸਿਰੋਮਣੀ ਸਫਲ ਸਾਧਨ ਹੈ ਜਿਸਨੇ ਸਦਾ ਤੇਰੇ ਸਿਮਰਨ ਸਦਾ ਤੇਰੀ ਸ਼ਰਨ ਦਾ ਜੀਵਨ ਬਣਾ ਦਿਤਾ ਹੈ।

"ਮਾਈ ਮੇਰੇ ਮਨ ਕੀ ਪ੍ਰੀਤਿ। ਏਹੀ ਕਰਮ ਧਰਮ ਜਪ ਏਹੀ ਰਾਮ ਨਾਮ ਨਿਰਮਲ ਹੈ ਰੀਤਿ।" ਪ੍ਰਭਾਵ ਕਵਿਤਾ ਦਾ ਇਉਂ ਪੈਂਦਾ ਹੈ ਕਿ ਇਕ ਅਰਸ਼ਾਂ ਦਾ ਵਾਸੀ ਅਰਸ਼ੋਂ ਉਤਰ ਕੇ ਫ਼ਰਸ਼ ਤੇ ਅਰਸ਼ੀ ਸੁੰਦਰਤਾ ਫੈਲਾ ਰਿਹਾ ਹੈ ਤੇ ਸਦਾ

ਆਪਣੇ ਅਰਸ਼ੀ ਸਾਈਂ ਵਲ ਤਕਦਾ 'ਨਮੋ ਸੂਰਜ ਸੂਰਜੇ' ਦੀ ਸੁਰ ਨਾਲ ਸਾਨੂੰ ਵੀ ਉਸ ਅਰਸ਼-ਕੁਰਸ਼ ਦੇ ਵਾਲੀ ਵਲ ਪਰੇਰ ਰਿਹਾ ਹੈ।ਜੋ ਸਰਦਾਰ Personality (ਵਯਕਤੀ) ਇਸ ਕਵਿਤਾ ਵਿਚ ਅੰਕਿਤ ਹੋਈ ਹੈ ਉਸਦਾ ਮੁਖ ਕਰਮ ਵਾਹਿਗੁਰੂ ਦੀ ਯਾਦ ਹੈ ਕਿਉਂਕਿ ਦਰਸ ਤਾਂਘ ਨਾਲ ਯਾਦ ਇਸਦੇ ਅੰਦਰ ਖੁਭ ਗਈਹੈ। 'ਤ੍ਰੇਲ ਤੁਪਕੇ'ਦੀ ਇਕ ਹੋਰ ਕਵਿਤਾ ਹੈ:—

ਯਾਦ ਸਜਨ ਦੀ ਹਰ ਦਮ ਰੈਹਦੀ ਲਹਿ ਗਈ ਡੂੰਘੇ ਥਾਈਂ,
ਵਾਂਗ ਸੰਗੀਤ ਲੈਹਰ ਦੀ ਅੰਦਰ ਬਨ ਗਈ ਰਾਗ ਇਲਾਹੀ,
ਦਾਰੂ ਵਾਂਗ ਸਰੂਰ ਚਾੜ੍ਹਦੀ ਤਰਬ ਵਾਂਗ ਥਰਰਾਵੇ,
ਖਿਚੇ ਤੇ ਰਸ ਭਿੰਨੀ ਕਸਕੇ—ਲਗੇ ਫਿਰ ਸੁਖਦਾਈ।

ਇਹ ਯਾਦ ਦਾ ਅਸਰ ਦਸਿਆ ਹੈ ਕੇ ਸੁਰਤ ਵਿਚ ਇਕ ਸੰਗੀਤਕ ਲਹਿਰ, ਸਰੂਰ, ਤੇ ਰਸ ਭਿੰਨੀ ਖਿਚ ਰੇਹੰਦੀ ਹੈ।

ਭਾਈ ਸਾਹਿਬ ਦੀ ਇਕ ਹੋਰ ਕਵਿਤਾ ਹੈ:—

ਯਾਦ ਸਜਨ ਦੀ ਖੰਭ ਬਨ ਗਈ ਲੈ ਉਡਦੀ ਪੀਆ ਦੇਸੀ;
ਪਰਛਾਵੇ ਪੀਆ ਰਤੀਆ ਵਾਲੇ ਪੈਂਦੇ ਵੇਸ ਸੁਵੇਸੀ;
ਕਦੀ ਮਿਲੇ ਛੋਹ ਛਾਉਂ ਪੀਆ ਦੀ ਪੀਆ ਰਸ ਪੀਆ ਰੰਗ ਛੇੜੇ
ਖੇੜੇ ਦੇ ਭਰ ਝੋਲ ਲਿਆਈਦੇ ਮੁੜੀਦੇ ਜਾਂ ਨਿਜ ਦੇਸੀਂ।

ਯਾਦ ਦੀਆਂ ਉਡਾਰੀਆਂ ਦੀ ਇਕ ਹੋਰ ਕਵਿਤਾ 'ਤ੍ਰੇਲ ਤੁਪਕੇ' ਵਿਚੋਂ:—

ਦਿਲ ਵਰਜਿਆ ਨਹੀਂ ਰਹਾਂਦਾ ਜਾਂ ਥੇਹਦਾ ਉਸ ਟਿਕਾਣੇ—
ਇਕ ਲਾ ਮਕਾਨੀ ਡੇਰਾ ਜਾ ਉਸਦੇ ਬੁਰਜ ਸਿਆਣੇ,
ਵਿਚ ਸਿਆਣ ਆਪ ਗੁੰਮ ਹੁੰਦਾ ਰਹਿ ਅਗਾਹ ਪਿਛਾਹ ਨਾ ਜੋਗਾ,
ਜਦ ਮੁੜਦਾ, ਰਸ ਵਿਚ ਗੁਟਕੇ ਪਰ ਦਸੇ ਨਾ ਕੁਝ ਜਾਣੇ।

ਇਕ ਹੋਰ ਕਵਿਤਾ 'ਤ੍ਰੇਲ ਤੁਪਕੇ' ਵਿਚੋਂ ਉਚੇ ਲਿਜਾਣ ਦਾ ਅਸਰ ਦਸਦੀ ਹੈ—



लक्ष्मी प्रेस, जालन्धर शहर ।

ਉਚਾ ਉਠ ਜਿਮੀਂ ਤੋਂ ਪਿਆਰੇ ਤੈਨੂੰ ਖੰਭ ਰਬ ਨੇ ਲਾਏ–
ਉਹ ਕਿਉਂ ਰਿੜ੍ਹੇ ਰੋੜਿਆਂ ਪਰਨੇ ਜੇ ਉਡ ਅਸਮਾਨੀ ਜਾਏ?
ਉਚੀ ਨਜ਼ਰ ਤੇ ਹਿੰਮਤ ਉਚੀ ਦਾਈਆ ਉਚਾ ਰਖੀਂ,–
ਅਰਸ਼ੀ ਤਾਣ ਜਿਹਦੇ ਹੋ ਪਲੇ ਉਹ ਕਿਉਂ ਭੁੰਜੇ ਆਏ ?

ਮੈਂ ਇਹ ਕਵਿਤਾਵਾਂ ਇਸ ਲਈ ਪੜ੍ਹੀਆਂ ਹਨ ਕੇ ਦੇਸ ਕਾਲ ਤੋਂ ਉਪਰ (ਲਾਮਕਾਨੀ ਡੇਰਾ, ਪੀਆ ਦੇਸ) ਜਾਕੇ ਰਸ ਤੇ ਖੇੜੇ ਦੀਆਂ ਝੋਲੀਆਂ ਭਰ ਭਰ ਕੇ ਲਿਆਵਨ ਵਾਲੀ, ਖੰਭਾਂ ਵਾਲੀ, ਅਰਸ਼ੀ ਤਾਣ ਵਾਲੀ personality ਆਪਦੇ ਸਾਹਮਣੇ ਆ ਜਾਵੇ। ਜਿਸਦਾ ਆਤਮਾ ਮਨ ਤੇ ਸਰੀਰ ਤਿੰਨੇ ਦਰਸ ਤਾਂਘ ਦੀ ਖਿਚ ਵਿਚ ਇਕ ਸੁਰ ਹੋਏ ਕੀਰਤਨ ਕਰ ਰਹੇ ਹਨ ("ਕੀਰਤਨ ਨਾਮ ਸਿਮਰਤ ਰਹਉ ਜਬ ਲਗ ਘਟ ਸਾਸ") ਜਿਸ ਕੀਰਤਨ ਦਾ ਤਾਲ ਹੈ, ਜਿਸ ਦੇ ਜੀਵਨ ਦਾ rythem ਹੈ, 'ਮੇਰਾ ਤਨ ਮਨ ਧਨ ਸਤਿਗੁਰ ਦਾ ਮਾਲ' ਉਸ ਲਈ ਗੁਰ ਵਾਕ ਹੈ 'ਆਖੀ ਏਕੋ ਦਰਸ ਤੁਹਾਰੋ। ਨਾਨਕ ਉਨ ਸੰਗਿ ਮੋਹਿ ਉਧਾਰੋ")।

ਮੈਂ ਸ਼ੁਰੂ ਵਿਚ ਬੇਨਤੀ ਕੀਤੀ ਸੀ ਕੇ ਭਾਈ ਸਾਹਿਬ ਦੇ ਆਰਟ ਤੋਂ ਉਨ੍ਹਾਂ ਦੀ personality ਦੇ ਦਰਸ਼ਨ ਕਰਨ ਦੀ ਕੋਸ਼ਸ਼ ਕੀਤੀ ਜਾਵੇ,ਤੇ ਹੁਣ ਮੈਂ ਦੇਖ ਰਿਹਾ ਹਾਂ ਕੇ ਤੁਸਾਂ ਇਤਨੇ ਗਹੁ ਨਾਲ ਉਸ personality ਦੀ ਤਸਵੀਰ ਨੂੰ ਜੋ ਭਾਈ ਸਾਹਿਬ ਦੇ ਆਰਟ ਤੇ ਝਲਕਦੀ ਹੈ follow ਕੀਤਾ ਹੈ ਕੇ ਉਸ ਦੀਆਂ ਭਰ-ਭੁਖ ਰਹੀਆਂ ਝੋਲੀਆਂ ਤੋਂ ਰਸ ਤੇ ਖੇੜਾ ਆਪਣੀ ਝੋਲੀ ਪਵਾਯਾ ਹੈ, ਜਿਨ੍ਹਾਂ ਅਰਸ਼ੀ ਫੁਲਾਂ ਦੀਆਂ ਲਪਟਾਂ ਤੁਹਾਡੀਆਂ ਝੋਲੀਆਂ ਤੋਂ ਮੇਰੇ ਤਕ ਪੁਜ ਰਹੀਆਂ ਹਨ।

ਇਹ ਹੁਣ ਆਰਟ ਦੀ ਤਸਰੀ ਪਰਖ ਹੈ (ਪਹਿਲੀਆਂ ਦੋ ਪਰਖਾ ਮੈਂ ਆਪਨੂੰ ਸ਼ੁਰੂ ਵਿਚ ਹੀ ਦਸੀਆਂ ਸਨ) ਕੇ ਆਰਟਿਸਟ

ਆਪਣੇ ਖਿਆਲ ਕਿੰਨੇਕੁ ਜ਼ੋਰ ਤੇ ਕਿਸ ਸਵਾਦ ਨਾਲ ਦੂਸਰਿਆਂ ਦੇ ਮਨ ਤੇ ਹਿਰਦੇ ਤਕ ਪਹੁਚਾ ਸਕਦਾ ਹੈ। ਸੋ ਇਹ ਪਰਖ ਹੁਣ ਤੁਸਾਂ ਆਪ ਕਰ ਲਈ ਹੈ ਕਿਉਂਕਿ ਦਰਸ-ਤਾਂਘ ਭਰੀ ਯਾਦ ਤੁਹਾਡੇ ਹਿਰਦਿਆਂ ਨੂੰ ਹਲੂਣਾ ਦੇ ਗਈ ਹੈ, ਜਿਸ ਤੋਂ ਤੁਹਾਨੂੰ ਇਹ ਰਸ ਆਇਆ ਹੈ।

ਸ਼ਾਇਦ ਆਪ ਖ਼ਿਆਲ ਕਰੋ ਕਿ ਕਿਧਰੇ ਕਿਧਰੇ ਅਰਥ ਕੁਝ

ਖਿਚ ਕੇ ਲਾਏ ਗਏ ਹਨ, ਪਰ ਉਸ line ਨੂੰ ਦੋ ਤਿੰਨ ਵਾਰੀ ਪੜ੍ਹਿਆਂ ਉਹ ਭਾਵ ਪ੍ਰਗਟਣ ਲਗ ਪੈਂਦੇ ਹਨ ਜੋ ਉਪਰ ਬਿਨੈ ਕੀਤੇ ਹਨ। ਮੇਰਾ ਖਿਆਲ ਹੈ ਕਿ ਭਾਈ ਸਾਹਿਬ ਦੀ ਰਚਨਾਂ ਯਾ ਜੀਵਨ ਬਾਬਤ ਜੇ ਕੋਈ ਪੁਸਤਕ ਛਪੇ ਤਾਂ ਉਸਦੇ ਪਹਲੇ ਸਫੇ ਤੇ ਇਹ ਕਵਿਤਾ-ਤ੍ਰੇਲ ਤੇ ਸੂਰਜ-ਦੇਣੀ ਚਾਹੀਏ। ਇਸ ਤੋਂ ਵਧ ਭਾ: ਸਾ: ਦੀ ਹੋਰ ਕੇਹੜੀ penportrait ਹੋ ਸਕਦੀ ਹੈ ?



ਲਛਮੀ ਪ੍ਰੈਸ, ਜਾਲੰਧਰ ਸ਼ਹਿਰ।

ਦੀ ਜਸਵੰਤ ਪ੍ਰਿੰਟਿੰਗ ਪ੍ਰੈਸ, ਗਲੀ ਕੈਤ ਵਾਲੀ, ਮਹਲਾ ਸੰਗਤਰਾਸ਼ਾਂ,
ਪਹਾੜ ਗੰਜ, ਦਿਲੀ ਵਿਚ ਛਪਿਆ।

## ਛਪ ਰਹੀਆ ਪੁਸਤਕਾਂ

ਅਸ਼ਟ ਗੁਰ ਚਮਤਕਾਰ, ਦੇਵੀ ਪੂਜਨ ਪੜਤਾਲ, ਵਾਰਾਂ ਭਾਈ ਗੁਰਦਾਸ ਸਟੀਕ ਆਦਿਕ ।

## ਮੈਨੇਜਰ–ਖਾਲਸਾ ਸਮਾਚਾਰ, ਅੰਮ੍ਰਿਤਸਰ

लक्ष्मी प्रेस, जालन्धर शहर ।

# ਮਨੋਹਰ ਪੁਸਤਕਾਂ

੧. ਗੁਰ ਨਾਨਕ ਚਮਤਕਾਰ (ਪੂਰਬਾਰਧ) ੮॥), ੯।)
੨. ਗੁਰ ਨਾਨਕ ਚਮਤਕਾਰ (ਉਤ੍ਰਾਰਧ) ੬॥), ੭।)
੩. ਗੁਰਕਲਗੀਧਰ ਚਮਤਕਾਰ (ਪੂਰਬਾਰਧ) ੯॥), ੧੦)
੪. ਗੁਰਕਲਗੀਧਰ ਚਮਤਕਾਰ (ਉਤ੍ਰਾਰਧ) ੯), ੯॥)
੫. ਬਾਬਾਨੌਧ ਸਿੰਘ (ਸੁਭਾਗ ਜੀ) ੩॥), ੪)
੬. ਪੰਜਗ੍ਰੰਥੀ ਸਟੀਕ ਜਿਲਦ ਸਾਦੀ ਮੋਖ ੯॥),ਜਿਲਦ ਕਪੜਾ੧੦
੭. ਪੁਰਾਤਨ ਜਨਮ ਸਾਖੀ ੨॥), ੩)
੮. ਕਬਿਤ ਭਾਈ ਗੁਰਦਾਸ ਟੀਕ, ਸਕੰਧ ੨, ਮੋਖ ੨।) ੨॥)
੯.ਸਤਵੰਤ ਕੌਰ ੨।) ੧੦. ਬਿਜੈ ਸਿੰਘ ੧॥), ੧੧. ਸੁੰਦਰੀ ॥।)
੧੨. ਮਟਕ ਹੁਲਾਰੇ ੧॥), ੨) ੧੩. ਲਹਿਰ ਹੁਲਾਰੇ ੨)
੧੪. ਲਹਿਰਾਂ ਦੇ ਹਾਰ ੨) ੧੫. ਬਿਜਲੀਆਂ ਦੇ ਹਾਰ ੧।)
੧੬. ਕੰਬਦੀ ਕਲਾਈ-ਗੀਤਾਂ ਦੀ ਪੋਥੀ ੨॥), ੨॥।)
੧੭. ਪ੍ਰੀਤ ਵੀਣਾ ॥), ॥।) ੧੮. ਕੰਤ ਮਹੇਲੀ ।-)
੧੯. ਸਿਖਾਂ ਦੀ ਭਗਤ ਮਾਲਾ ੧।) ਜਿਲਦ ਵਾਲੀ ਦਾ ੧॥।)
੨੦. ਪਾ: ੯ ੧੦ ਦੇਸਫਰਾਂ ਦੀ ਸਾਖੀ ਪੋਥੀ ੧।), ਸਜਿਲਦ ੧॥।)
੨੧. ਭਰਥਰੀ ਹਰੀ ਜੀਵਨ ਤੇ ਨੀਤੀ ਸ਼ਤਕ ॥।), ੧), ੧।)
੨੨, ਸੰਤ ਗਾਥਾ ੧।), ੨੩. ਕਲਮ ਦੀ ਕਰਾਮਾਤ ੩)
੨੪. ਸ੍ਰੀ ਚਰਨ ਹਰੀ ਵਿਸਥਾਰ ਭਾਗ ੧ ਜਿਲਦ ੧ ੩)
੨੫. ਨਿਨਾਣ ਭਰਜਾਈ ਦੀ ਸਿਖਿਆ ਦਾ ਇਕ ਵਾਰਤਾਲਾਪ ।-)

(ਡਾਕ ਖਰਚ ਸਭ ਦਾ ਵੱਖਰਾ)

**ਮੈਨੇਜਰ-ਖਾਲਸਾ ਸਮਾਚਾਰ, ਅੰਮ੍ਰਿਤਸਰ**

ਅਤੇ

ਮੋਂਗੀਆ ਬਰਾਦਰ ਚਾਂਦਨੀ ਚੌਕ, ਦਿੱਲੀ

सर्वाधिकार सुरक्षित हैं

# ॥ विचार-माला ॥

जिस को—

श्रीमती लक्ष्मी देवी धर्मपत्नी राय-साहिब
अविन्दलाल साहिब सहगल ने अपनी
बहिनों के हितार्थ धर्मार्थ
वितरण करने के
लिए
प्रकाशित किया

लक्ष्मी देवी

लक्ष्मी प्रेस, जालन्धर शहर।

१
१
१
१
१
२
२
२
२
२

॥ श्री गुरवे नमः ॥ 18. 10. '52.

पूज्य श्री धर्म के माता पिता के चरण कमलों में

# सादर 'समर्पण'

यह तुच्छ फूल मैं अपने पूजनीय ससुर धर्म मूर्ति श्री रायबहादुर राय सुन्दर लाल सहगल और सौभाग्या शुभ गुण वाली सासु साहिबा अपनी धर्म माता जी के पूज्य पवित्र चरणों में सादर भेंट है।

जिन की पालिता दयालुता मुझ पर आरम्भ से जब कि मैं सात वर्ष की सन् १८६६ में उनके पवित्र चरणों में आई और आज तक वही ज्ञान मार्ग का रास्ता दिखाते हैं। परमात्मा उन को खुश रक्खे। यह उन की दासी की प्रार्थना है।

आप की दासी

लक्ष्मी देवी

॥ श्री गुरवे नमः ॥

# अथ

# ईश प्रार्थना प्रारम्भः

सद्गुरु मेरे ब्रह्म हैं मैं चरणों का दास।
सद्गुरु जी कृपा करो पहुंचू आप के पास ॥ १ ॥

सद्गुरु नाम जहाज है, चढूं तो उतरूं पार।
नहीं तो धोका खा लवां गिरां नरक के द्वार ॥ २ ॥

सदगुरु जी कृपा करो खोलो अपना द्वार।
दासी चरणी ला लवो खड़ी आप के बाहर ॥ ३ ॥

गड्डी भेजी राम ने सीटी दित्ती मार।
जिन का परचा कट गई, चढ़ जावो अपने आप ॥ ४ ॥

ओ सद्गुरु मेरे चढ़ गये, मैं चढ़ने को तैयार।
सद्गुरु जी कृपा करो, बुलाइयो अपने पास ॥ ५ ॥

झूठ कपट को त्याग कर सच हृदय में धार।
सच बरोबर तप नहीं झूठ बरोबर पाप ॥ ६ ॥

सद्गुरु जी के जाप को जो नर जावे भूल।
सीधा नरक में जावेगा इस में नाहीं झूठ ॥ ७ ॥

अखिक आई मैं जदों दी जग उत्ते,
कोई नेकी दा काम न कीताई ।
मैं तां अपना आप बरबाद कीता
विच विषय वकारां दे लाग के जी ॥

चे बुरी होई तेरे नाल जिन्दे
तू तां हरि दा नाम न ध्याई ।
उमर खान ते पीनदे विच खोई
तैनूं शरम नाहिं कदे औंदि ये ॥

पे परवाह न औसदी तूं कीती
जिस बून्द तों बुर्ज बना दिता ।
हुकम मन्या नहीं करतार दा जी
तू तां एवें जन्म गवा दिता ॥

ते तू ही है सब दा आसरा जी
जिस भेजया इस जग उत्ते ।
तूं ही मेहर करी इस लछमी दासी ते
उस दी खुदी नूं विचों मिटा देवीं ।
खुदी मुक जावे अहंकार भज जावे
ओहदे मोह नूं विचों गवा देवीं ।
एहो खुशी है उस गरीबनी दी
तूहों चरणां दे नाल लगा लवीं ॥

टे टेर सुनी मेरी कृष्ण प्यारे
मैंनूं भगती दा राह बता देवीं ।
दिने रात मैं करां भगती तेरी
मैंनूं दुनियां दे विचों बचा लैवीं ॥

मेरी देह नूं शक्ति परदान किज्रो
मैं तां तेरा ही गुण गावदीया ;
इस संसार विचों विरक्त होवां
मैं तां तेरा ही दर्शन पावदीया ॥

से सुना मैं तेरा नाम जदों
मैं नूं तब ही शान्ती औंदी ऐ ।
तेरा नाम जपां तेरी भगती करां
तेरा यश संसार ते गौंदीआं ।
काम क्रोध मोह लोभ अहंकार
ऐनां पंजां नूं विचों मुका देवीं ।
तुही करीं किरपा इस गरीबनी ते
तूतां मुक्ति दा राह वता देवीं ॥

जोम . जीम जदों प्रह्लाद ते मेहर कीतो
थम फाड़ के दरश दिखाया सी ।
नवां नाल हरनाशक नूं मार दित्ता
तुसी प्रहाद नूं गोद विठाया सी ।
तुसी मेहर करना एनां भगता उत्ते
तुसी भगतां नूं पार लै जांवदे ओ ।
लछमी अरज करे हथ वन के जी
आप मैंनूं भी एह प्रशाद देवो ॥

चे चेढे चन्द अकाश उत्ते
तूनां औस दे विच वी नजर आवे
पत्ते २ विच है झलक तेरी
तुसी मूरती विच विराज देओ ।
जलां थलां दे विच है तूं ही

चारे जुग तेरा यश गौंदेने !
तुसी बकशो शक्ति इस लदमी नू
औवी तेरा ही दरश पौंदी रवे ॥
दे   है तू दीन दयाल सच्चा
तैनू है ख्याल संसार दा जी ।
अन्धी लूलीआं कोढ़ी गरीबां नू
तूतां आप ही रिजक पुचौंदा ए ।
अखां देख के होन हैरान कुदरत तेरी
तूतां बेअन्त से हैं बेअन्त कहौंदाए ।
आपे देन वाला आपे खोन वाला
तूतां अजब ही खेल दिखावदा है ।
आपे करम दसें आपे धरम दसें
तूतां आप निरलेप कहावदा ऐ ।
किकन करां मैं तेरी सिफत सांइयां
तूतां लदमी दी अकल भुलावदा ऐ ॥
खे   खरदूषण नू मार दित्ता दशरथ दे घर जन्म लैके
रावण मुक्त कित्ता लङ्का साड़ दित्ती ।
राज उत्ते बिभीषण नू बिठाइयाई
हनुमान जी करन जै २ कार तेरी
रामचन्द्र अवतार कहाया सी ॥
लदमी दासी करे रोज सिफत तेरी
तेरा अन्त किसे नहीं पायाई ॥
दाल   दया करो तुसी कृष्णा प्यारे
मैंनू भगती दा राह बता देवी ।
दिने रात करां मैं भगती तेरी
मैंनू विषयां दे विचों बचा देवी ।

ग्रहगज नूं जदों मारया सी
तुसी गज नूं आन बचाया सी।
नरसी भगत दी हुंडी तार के जी
तूतां सांवलशाह कहाया सी।
तूतां सोला कलां भर २ करके
फिर कृष्णा अवतार हो आया सी।
जग हो हैरान तेरी सिफत करदी
तेरा अन्त किसे नहीं पायाई।
तूतां बंसरी वाला कहाया सी॥

डाय डर नहीं तैनूं कोई जिन्दे
तेरे सिर ते हथ उस रबदाई।
जेड़ा कीड़ियां रिजक पुचावदाई
जेड़ा हाथियां चूरियां पुचावदाई।
जेड़ा बिल्लीयां दुध पिलावदाई
मैंतां कीते हैं सपुरद ओदे
कीकन करां मैं सिफत तेरी साइयां
तूतां जग दी अकल भुलावदाई।
मैंनूं चाह है ओदे दरशना दी
कदीं जग नूं दरश दिखौंदाई।
तेरी अकल दे उत्ते पैन पत्थर
तूतां गुरु वी न कोई धारयाई॥

जाल जालमां जुलम कमायाई
मना मेरिया बाज न आयाई।
दुनियां विच तूं मारदा रहा मौजां
तूतां राम दा नाम भुलायाई।

तूतां विषय विकार कर उमर गाली
देन दार नूं मनों विसारयाई।
वक्त कहदी है अजे वी अकल कर लै
सच्चे गुरां दा पल्लड़ा फड़ लै तूं।
मैंनूं लटक लगी जदों नाम दी सी
तुसां मेहर कीती गुरु मेल दिते।
गुरु नाम दा अमृत पिलायाई
जदों होई कृपा पूरे सतगुरां दी।
मैंनूं प्रेम दा राह वतायाई
युक्ति दस दित्ती तेरे मिलावने दी।
मैंनूं सतगुरां सड़क बता दित्ती
जद मिन्नत कर दी हथ बन्न के ते।
मैंनूं गुरां दे चरणां नाल ला देवो॥
२ रे रोवां मैं जारो जार जिन्दे
नहीं आवदीए सड़क गुरां वाली;
संशय उठ दिमाग खराब होया
भुल गया प्रेम मैंनूं गुरां वाला।
मैं तां भुलया भुलन हार हां मैं
मैंनूं भुल्ली नूं राह बता देओ।
संशय दूर करो इस माचीजनी दे
इन्हूं भुली नूं सड़के पा देवो।
सतगुरां बख्श गुनाह ऐस जत्त दे जी
एन्हूं रब दे नाल मिला देवो॥
३ अड़ गई जिंदड़ी धन्देआं विच
मैंतां धन्दे बहुत पसार बैठी।

इन्हां धन्दयां विच पैके मैं तां
उमर ऐवें गंवा बैठी ।
इक १ स्वास अमोलक जानदाए
मैं तां हथां तों लाल गंवा बैठी ।
सतगुर मेहर करो इस कमली ते
मैं तां तेरे ही दर ते ढै पइयां ।
मैं तां सोच दी सी सतगुर सीस मंगन
तां मैं धड़ तों सीस उतार देवां ।
तुसी सीस लवो मैनूं दस देवों
केड़ी जगह ते आत्म विराजदा है ।
लत्त आखदी ए हत्थ जोड़ के जी
मैनूं आत्मा आप दिखा देवो ।
तुसी हैं ब्रह्म दी मूरती जी
तुसी मैनूं भी ब्रह्म बना देवो ॥

जे जुल्म कीता करमां मेरयां ने
मैनूं राह अवलड़े पा दिता ।
विच फस के पुतरां धीयां दे
मै तां ऐवें ही वकत खराब कीता ।
देख चोकां रंग रंगीलियां नूं
मैतां अपना आप बरबाद कीता
नां मैं छड्डां एन्हां नूं नां एह मैनूं छडन
मैं लालच हार बधा लित्ता ।
अक्खी देखदयां जग सुफनांई
मैं तां मरना याद न मूल कीता ।

सतगुर मेहर करो इस जक्ष तांई
पन्हूं किचड दे विचों निकाल देवीं ।
बे जदों आई मैं जग उत्ते मैंतां अपना आप भुला दित्ता
जेडा सच सी उस नूं झूठ मनया
मैं तां झूठ नूं सच बना लित्ता
जदों सतगुरां पूरयां मेहर कीती ।
मै नूं अपने पास विठा लित्ता
बाहों फड के गुरां नें खिच के ते ।
मैंनूं किचड दी घानी विचों पार कीता
लख आखदीए गुरां पूरयां नें
मेरे सारे अपराधां नूं वख्श दित्ता
सीन सीन सुनां मैं अपने सतगुरां तों
पूरे गुरां ने मैंनूं समझा दित्ता ।
तूं तां बाहर किते नहीं ढूडनांई
बस अन्दर दे विच दिखा दित्ता ।
बाहरों बन्द कर लै अन्दर मार झाती
तेरे अन्दर ही आत्म विराजदाई ।
मैंनूं जरा वी नजर नहीं आवदासी
सांई मेहर कीती गुरु मेल दित्ते ।
उन्हां हृदय दी गैस जला दित्ती
लख खुश होई गुरां पूरयां ते ।
उन्हां रब दी झलक दिखा दित्ती ॥
शीन शरम मैंनूं बड़ी आवदी ए
देनहार करतार भुलायासी ।
जिन्हें जग उत्ते नियामतां बख्शीयां सी

मैंतां कदर ओहदा नहीं पायासी।
हुन पता लगा सतगुरां तों
मैंतां गुरां तों भुल्ल बख्शौंदीआं।
लच्च कहदी ए मेरे ते करो किरपा
मैंतां तैनूं ही सीस नवाषदीआं।
ख्वाद सबर आया मैंनूं ओस वेले
अदों गुरां ने आप समझायाई।
दुनियां है इक मुसाफिर खाना
कोई आवदा ते कोई जावदाई।
पुत्र धीयां साक सम्बन्ध सारे
तेरे नाल किसे नहीं ओं जावनाई।
तेरे नाल ते राम दा नाओं जाना
तैनूं उसां ने वैकुंठ पहुंचावनाई।
ज्वाद जर ते माल खजानयां नूं
तूतां रहा सम्भालदा सी वेवें।
तेरे नाल नहीं एन्हां जावनाई
एहतां जग दी है झूठी माया वे।
एहदे नाल तूं जग ते तीरथ कर लै
भूखे नंगयां नूं खुला देवीं।
एसदे नाल तू दान ते व्रत कर लै
चंगे राह ते दौलत लुटा देवीं।
करके संगत साधां दी रज्ज के जी
तूतां चंगे ही करम कमा लवीं।
लछ कैहदी है मौत तेरी खड़ी अग्गे
बिना टिकट तूं रेले चढ़ जावां।

तोर्ये तू क्यों घबरौंदी है तैंनू सतगुरां नाम दी दात बख्शी

नी सच्चा करते नाम नूं बन्ध पल्ले।

ऐसे नाम ने पार लै जावनाई

दुनियां है यह सारी तिलकन बाजी।

यह दे विच तू फस नहीं आवनांई

सच्चा नाम है ओह जेड़ा गुरां वाला।

तैनूं ओस ने राम मिलौनांई

तैनूं डर है ओनां जमां दा जी।

जिन्हा जमां ने नरक विच पावनांई

तूं नाम दी कर कमाई सच्ची।

फेर क्यूं जमां ने आवनांई

जद कैहन्दी हे नाम सतगुरां वाला

तुतां हृदय दे विच ओह रखनांई

इक २ स्वास अनमोल जांदा

तूतां स्वासा दे नाल बन छकनांई॥

जोर्ये जुलम कीता यनां अखियां ने

जेड़ियां कैन भगवान तां दिसदा नां

जरा सोच विचार के देख लवो

ओहतां कुदरतां तो नजर औंदाई।

तुसी सोच विचार के देख लवो

कीहदा भेजया जग ते आयाई।

बन्दे ओसने तेरा शरीर घड़या

फोटो वांग तस्वीर म बायाई।

देख औसदी कुदरत हैरान हांयां

ओहने जिमीं असमान बनायाई ।

ओने सूरज ते चन्द नूं पैदा कीता

आसमां तारयां नाल सजायाई ।

देख ओस भगवंत दी बेअन्त माया

असमां थामां तो विना ठरायाई ।

सुकी लकड़ी देख हैरान होवां

कौन पत्तथां फुल उगौंदाई ।

की २ मैं गिनांगी कुदरत तेरी

तेरा अन्त किसे नहीं पायाई ।

लख कैहदीए होन करोड़ जीभा

तेरियां कुदरतां नां मैं गिन सकां ॥

एक एक पेश ते इशरत नू छड़ के ते

आओ सहेलियो बैठ के नीं ।

सिफत करिये ओस परमात्मा दी

जीदा भेजया जगते आयाई ।

जिस दे सदया उठ के टुर पैना

आओ रल के करिये विचार भैनो ।

कित्थों आए ते कित्थे जावनांई

तुसी देखो खेल परमात्मा दें ।

ओहने कीह ए खेल रचायानीं

आपे पैदा करदा आपे मार दिन्दा ।

ओस अजब ए खेल बनाया नीं

पंजां तत्वा दा ओहनें कलबूत घड़या

विच आत्मा इक बनायाई

येतां सोचदी सो वारंबार भैनो

मैंनू गुरां ने आप समझायाई
सतगुर कैंहदे मैंनू समझा के नीं ।
ओहदा अन्त किसे नहीं पायाई
लक्ष कैंहदीए चरनां ते सीस धरके ॥
तिन गैरत आयी मैंनू ओस वेले
जदों गुरां ने मैंनू बुलायाई ।
कैंहदे दसखां की कमाई कीती
पल्ले वन्ह के जेड़ी लैजावनीए ।
हुन की दसां गुरां पूरयां नू
मैंनूं शरम बड़ी पयी आवदीए
घर दे कमां विचों नहीं फुरसत मिलदी
मैंनूं काम क्रोध सतौंदेई ।
लोभ ने मैंनूं पाया घेरा
मैंनू दुनियां दे कम फसौंदे ने ।
नहीं याद औंदा मुड़के जावनेदा
मैंनू मरना याद नहीं आवदा जी ।
जेहड़ी नाम दी बखशी सी दात तुसां
मैंनूं याद जदों ओह आवदाई ।
जदों लैके बैठां मैं माला
स्वामी मेरी सुरत किते उड़ जावदीए ।
तेरे चरणां दे नाल ध्यान लाके
मैतां मन नूं बड़ा समझौंदीयां ।
तूतां सिमर ले नाम सच्चे गुरां वाला
पर्नूं लानतां फेर मैं पोअन्दी हां ।
कोह दसां मैं सच्ची कमाई पिता

मैतां एवें ही जन्म गवौंदीयां ।
जद्द कैहदी ए हथ देओ मेरे सिरते
मैतां तेरे ही गुण गौंदीआं ।

फे फे फिकर होन्दा मैनू ओस वेले
जदों गुरां ने मैंनू बुलायाई ।
कोह दयां जवाब मैं सतगुरां नूं
चंगा करम ना कोई कमायाई ।
अखां नाल न वेद पुराण देखे
जिभां नाल नां हरी दा नाम जपया ।
कनां नाल नां सुनयां नाम भैनों
हत्थां नाल नां किसे नूं आराम दित्ता ।
पैरां नाल नां मैं तीरथ जावां
नां भुखयां अन्न खुलावदी सां ।
नहीं रज्ज के किसे नूं दान दित्ता
एनां कमां नूं मैं भुलायासां ।
नहीं याद औंदा मैनूं मरनां भैनों
मैतां अपना आप सुआरदी सां
सतगुरां ने मैनूं सतसंग दित्ता
मैंतां कदी वी फेरा नहीं पावदीं सां ।
चंगे करमां नूं दित्ता मैं छड भैनों
मन्दे करम मैं पयी कमावदी सां ।
हुन की दसां प्यारे सतगुरां नूं
मैं तां एत्थों ही पयी घबरौंदी सां
जद कैहदी ए सतगुरां ने मेहर कीती
औह तां फेर वी मैनूं समझौंदेनी ।

दित्ता गुरां ने सिर ते हत्थ मेरे
मैंनू प्यार दे नाल समझौंदेनी ॥

काफ काफरा मना तू समझदा नां
तैनूं बारंबार समझौंदी सां
तूतां गुरां दे हुकम नूं मनयां नां
पस गल उत्ते पछोताओंदी सां।
मुट्ठी बन के जगत ते आया सी
हथ पसार के जावनांई
ओस दिन दा तैनूं ख्याल नाहीं
तूतां मन्दे करम कमौंदा सी।
तू तां मन कहना पूरे सतगुरां दा
बेड़ा उन्हां ने बन्ने लगावनांए।
तेरे बेड़े दे हैन मल्लाह ओही
ओही तारदे ते आहियो मारदेई।
ओहियो रब्ब दे नाल मलांदेई
ओहीयो शान्ति तैनु पहुंचावदेई।
जल्ल वैंहदीप गुरु मेरे हैन पूरे
ओहतां ब्रह्म दे नाल मलावदेई ॥

गाफ गाफ गई मैं गुरां दे दर उत्ते
मैंनु भिच्छा गुरां ने पा दित्ती।
मेरे कन्नां दियां खिड़कियां खोल के ते
मेरे हृदय दी गैस जगा दित्ती।
मैंनु कैहन्देने छड कुसंगियां नुं
मैनुं सतसंग दे विच बैठा दित्ता।
मैंतां करां सतसंग हुन गुरां वाला

मेरी जिंदगी उन्हां ने सवार दित्ती।
करां सतसंग ते मैं खुश होवां
मैनुं खबर नहीं पनां दिनां दी सी।
सतगुरु आप वैकुण्ठ सिधार गये
मैनुं छड़ गये पिच्छे रोन नुं सी।
जां मैं सुनयां सतगुरु टुर गये
मैनुं होश नहीं हुन औंदीए।
सोच २ के होई हैरान मैं
मेरे संशय कौन मिटान वाला।
कीनुं पुच्छां ते कौन हुन दस्से मैनुं
कीनुं दिलां दे हाल सुनावसां मैं।
जद कैहदी ए पिता मैंनु देवो दरशन
ਜੇ ਤਿਸੁ ਨਦਰਿ ਨ ਆਵਈ,
ਤ ਵਾਤ ਨ ਪੁਛੈ ਕੇਇ।

( ਜਪੁ )

(ਅ) ਭਸਮ ਚੜ੍ਹਾਇ ਕਰੈ ਪਾਖੰਡ।

ਮਾਇਆ ਮੋਹ ਸਹਹਿ ਜਮਦੰਡ ।
ਮੁੰਦ੍ਰਾ ਫਟਕ ਬਨਾਈ ਕਾਨ ।
ਮੁਕਤ ਨਹੀਂ ਵਿਦਿਆ ਵਿਗਿਆਨ ।
( ਰਾਮਕਲੀ ਮਹਲਾ ੧, ਅਸਟਪਦੀ )

(ੲ) ਨਿਵਲੀ ਕਰਮ, ਭੁਅੰਗਮ, ਭਾਠੀ,
ਰੇਚਕ, ਪੂਰਕ, ਕੁੰਭ ਕਰੈ ।
ਬਿਨ ਸਤਿਗੁਰੁ ਕਿਛੁ ਸੋਝੀ ਨਾਹੀਂ,
ਭਰਮੇ ਭੂਲਾ ਬੂਡ ਮਰੈ ।
ਅੰਧਾ ਭਰਿਆ ਭਰਿ ਭਰਿ ਧੋਵੈ,
ਅੰਤਰ ਕੀ ਮਲ ਕਦੇ ਨ ਲਹੈ ।
ਨਾਮ ਬਿਨਾ ਫੋਕਟ ਸਭ ਕਰਮਾ,
ਜਿਉ ਬਾਜੀਗਰ ਭਰਮ ਭੁਲੈ ।
(ਪ੍ਰਭਾਤੀ ਮਹਲਾ ੧, ਅਸਟਪਦੀ)

ਸ੍ਰੀ ਗੁਰੂ ਨਾਨਕ ਅਤੇ ਸਿਧਾਂ ਦੇ ਵਿਚਾਰਾਂ ਵਿਚ ਕਿੱਨਾ ਫਰਕ ਸੀ, ਇਹ ਗੋਸ਼ਟਿ ਹੋਣ ਤੇ ਸਪਸ਼ਟ ਹੋ ਗਿਆ। ਸਿਧ ਅਨਹਦ ਨਾਦ ਵਿਚ ਭਰੋਸਾ ਰਖਦੇ ਤੇ ਸਰੀਰ ਕਰਕੇ ਅਮਰ ਹੋਣ ਨੂੰ ਜਨਮ ਮਰਨ ਤੋਂ ਮੁਕਤ ਹੋਣਾ ਮੰਨਦੇ ਸਨ, ਪਰ ਗੁਰੂ ਜੀ ਅਨਹਦ ਨਾਦ ਨੂੰ ਯਥਾਰਥ ਗਿਆਨ ਮੰਨਕੇ ਉਨ੍ਹਾਂ ਦੇ ਅਮਰ ਹੋਣ ਦੇ ਵਿਚਾਰ ਨੂੰ ਕਰਤਾਰ ਸਿਰਜਣਹਾਰ ਦੀ ਰਜ਼ਾ ਤੋਂ ਉਲਟ ਗਿਣਦੇ ਸਨ । ਗੁਰੂ ਜੀ ਦਾ ਸਿਧਾਂਤ ਸੰਸਾਰ ਨੂੰ ਫਨਾਹ ਦਾ ਮਕਾਨ ਸਮਝ ਕੇ ਇਸ ਵਿਚ ਚੰਗੇ ਆਦਮੀ ਬਣ ਕੇ ਰਹਿਣਾ ਤੇ ਦੇਸ਼-ਕੌਮ ਦੀ ਸੇਵਾ ਕਰਨਾ

ਸੀ ਅਤੇ ਜਨ ਸਮਾਜ ਵਿਚ ਉਹ ਭਰਾਤ੍ਰੀ ਭਾਵ ਪੈਦਾ ਕਰਨਾ ਸੀ ਜਿਸ ਕਰਕੇ ਜਨਤਕ ਜੀਵਨ ਸੁਖੀ ਰਹਿ ਸਕੇ। ਇਸੇ ਲਈ ਉਨ੍ਹਾਂ ਦਾ ਕਥਨ ਸੀ:-

ਹਮ ਆਦਮੀ ਹਾਂ ਇਕ ਦਮੀ, ਮੁਹਲਤ ਮੁਹਤ ਨ ਜਾਣਾ...
ਅੰਧੇ ! ਜੀਵਣਾ ਵੀਚਾਰ, ਦੇਖੇ ਕੇਤੇ ਕੇ ਦਿਨਾ।
(ਧਨਾਸਰੀ ਮਹਲਾ ੧)

ਗੋਰਖ ਨਾਥ ਇਸ ਬਹਿਸ ਵਿਚ ਆਪਣੇ ਵਿਚਾਰਕ ਦ੍ਰਿਸ਼ਟੀ ਕੋਣ ਨੂੰ ਵਿਸ਼ੇ ਪੱਖੀ ਨਜ਼ਰ ਨਾਲ ਕਮਜ਼ੋਰ ਹੁੰਦਾ ਦੇਖ ਕੇ ਠਹਿਰ ਨਾ ਸਕਿਆ। ਪਿਛੋਂ ਉਸ ਨੇ ਆਪਣੀ ਹਾਰ ਨੂੰ ਇਸ ਹੱਦ ਤਕ ਮਹਿਸੂਸਿਆ ਕਿ ਗੁਰੂ ਬਾਬੇ ਦੇ ਅਮ੍ਰਿਤ ਬਚਨਾਂ ਨਾਲ ਉਸ ਨੂੰ ਚੇਲਿਆਂ ਸਮੇਤ ਸ਼ਾਂਤੀ ਆ ਗਈ ਅਤੇ ਸਾਰੇ ਸਿਧਾਂ ਨੇ ਗੁਰੂ ਜੀ ਨੂੰ ਤਾਰਨਹਾਰ ਸਮਝ ਕੇ ਆਦੇਸ਼ ਕੀਤੀ:-

ਬਾਬੇ ਕੀਤੀ ਸਿਧ ਗੋਸਟਿ,
ਸਬਦ ਸਾਂਤਿ ਸਿਧਾਂ ਵਿਚ ਆਈ।
ਜਿਣ ਮੇਲਾ ਸਿਵਰਾਤ ਦਾ,
ਖਟ ਦਰਸ਼ਨ ਆਦੇਸ ਕਰਾਈ।
( ਭਾਈ ਗੁਰਦਾਸ )

## ੨. ਮੱਕੇ ਮਦੀਨੇ ਦੀ ਗੋਸ਼ਟਿ

ਸਿੱਧ ਗੋਸ਼ਟਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਤੇ ਮੱਕੇ ਮਦੀਨੇ ਦੀ ਗੋਸ਼ਟਿ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਪ੍ਰਸਿੱਧ ਹੈ। ਭਾਈ ਬਾਲੇ ਦੀ ਜਨਮ ਸਾਖੀ ਤੇ ਉਸ

ਦੇ ਨਾਲ ਮਿਲਦੀਆਂ ਜੁਲਦੀਆਂ ਜਨਮ ਸਾਖੀਆਂ ਵਿਚ ਇਹ ਗੋਸ਼ਟਿ ਘੱਟ ਵਧ ਵੀ ਹੈ ਤੇ ਸੁਤੰਤ੍ਰ ਪੁਸਤਕ ਦੀ ਸ਼ਕਲ ਵਿਚ ਵੱਖ ਵੀ ਲਿਖੀ ਹੋਈ ਮਿਲਦੀ ਹੈ। ਇਸ ਗੋਸ਼ਟਿ ਦਾ ਦੂਜਾ ਨਾਮ ਪਾਕਨਾਮਾ ਹੈ । ਇਸ ਗੋਸ਼ਟਿ ਵਿਚ ਮੱਕੇ ਮਦੀਨੇ ਦੇ ਹਾਜੀਆਂ, ਕਾਜ਼ੀਆਂ, ਪੀਰਾਂ ਜਾਂ ਮਜਾਵਰਾਂ ਦੇ ਪ੍ਰਸ਼ਨ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉੱਤਰ ਦਰਜ ਹਨ ।

ਬਨਾਰਸ ਹਿੰਦੂਆਂ ਦਾ ਤੇ ਮੱਕਾ ਮੁਸਲਮਾਨਾਂ ਦਾ ਪ੍ਰਸਿਧ ਤੀਰਥ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਗਾਹ ਵਿਚ ਹਿੰਦੂ ਤੇ ਮੁਸਲਮਾਨ ਦੋਵੇਂ ਇਕੋ ਜਿਹੇ ਸਨ, ਇਸ ਲਈ ਦੁਨੀਆ ਦੇ ਸੁਧਾਰ ਲਈ ਜਿਥੇ ਉਹ ਹਿੰਦੂਆਂ ਦੇ ਤੀਰਥਾਂ ਪਰ ਗਏ, ਉਥੇ ਉਨ੍ਹਾਂ ਨੇ ਮੁਸਲਮਾਨਾਂ ਦੇ ਤੀਰਥ ਮੱਕਾ ਅਤੇ ਮਦੀਨਾ ਵੀ ਵੇਖੇ। ਮੁਸਲਮਾਨੀ ਕਿਤਾਬਾਂ ਦੇ ਮੁਤਾਬਿਕ ਮੱਕੇ ਵਿਚ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਅਤੇ ਮਦੀਨੇ ਵਿਚ ਦੇਹਾਂਤ ਹੋਇਆ ਸੀ ਤੇ ਹਜ਼ਰਤ ਮੁਹੰਮਦ ਸਾਹਿਬ ਇਸਲਾਮ ਦੇ ਬਾਨੀ ਅਤੇ ਨਬੀਆਂ ਵਿਚੋਂ ਆਖ਼ਰੀ ਨਬੀ( ਅਰਥਾਤ—ਇਸਲਾਮੀ ਦੁਨੀਆ ਦੇ ਅਵਤਾਰ ) ਸਨ।

ਪੁਰਾਤਨ ਜਨਮ ਸਾਖੀ ਦੇ ਅਨੁਸਾਰ ਮੱਕੇ ਦੀ ਯਾਤ੍ਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚੌਥੀ ਉਦਾਸੀ ਵਿਚ ਕੀਤੀ। ਉਸ ਸਮੇਂ ਗੁਰੂ ਸਾਹਿਬ, ਭਾਈ ਬਾਲੇ ਦੀ ਜਨਮ ਸਾਖੀ ਦੇ ਕਥਨ ਅਨੁਸਾਰ ਪੌਣੇ ਉਨਤਾਲੀ ਵਰ੍ਹੇ ਦੀ ਉਮਰ ਵਿਚ ਸਨ। ਭਾਈ ਗੁਰਦਾਸ ਨੇ ਪਹਿਲੀ ਵਾਰ ਦੀ ੩੨ ਵੀਂ ਪਉੜੀ

ਵਿਚ ਸ੍ਰੀ ਗੁਰੂ ਜੀਉ ਦਾ ਮੱਕੇ ਜਾਣਾ, ਉਥੇ ਕਾਬੇ ਦੀ ਮਿਹਰਾਬ ਵਲ ਪੈਰ ਪਸਾਰ ਕੇ ਸੌਣਾ ਤੇ ਮੁੱਲਾਂ ਜੀਵਨ ਦੇ ਲੱਤਾਂ ਫੜਕੇ ਘਸੀਟਣ ਤੇ ਕਾਬੇ ਦਾ ਫਿਰਨਾ ਇਨ੍ਹਾਂ ਸ਼ਬਦਾਂ ਵਿਚ ਲਿਖਿਆ ਹੈ:-

ਬਾਬਾ ਫਿਰ ਮੱਕੇ ਗਿਆ,
ਨੀਲ ਬਸਤ੍ਰ ਧਾਰੇ ਬਨਵਾਰੀ।
ਆਸਾ ਹੱਥ ਕਿਤਾਬ ਕੱਛ,
ਕੂਜਾ ਬਾਂਗ ਮੁਸੱਲਾ ਧਾਰੀ।
ਬੈਠਾ ਜਾਇ ਮਸੀਤ ਵਿਚ,
ਜਿਥੇ ਹਾਜੀ ਹੱਜ ਗੁਜ਼ਾਰੀ।
ਜਾ ਬਾਬਾ ਸੁੱਤਾ ਰਾਤ ਨੂੰ,
ਵਲ ਮਹਿਰਾਬੇ ਪਾਇੰ ਪਸਾਰੀ।
ਜੀਵਨ ਮਾਰੀ ਲੱਤ ਦੀ,
ਕੇਹੜਾ ਸੁੱਤਾ ਕੁਫਰ ਕੁਫਾਰੀ।
ਲੱਤਾਂ ਵਲ ਖੁਦਾਇ ਦੇ,
ਕਿਉਂ ਕਰ ਪਇਆ ਹੋਇ ਬਜਗਾਰੀ।
ਟੰਗੋ ਪਕੜ ਘਸੀਟਿਆ,
ਫਿਰਿਆ ਮੱਕਾ ਕਲਾ ਦਿਖਾਰੀ।
ਹੋਇ ਹੈਰਾਨ ਕਰਨ ਜੁਹਾਰੀ।

ਇਸ ਵਿਚ ਮੁੱਲਾਂ ਜੀਵਨ ਦੀ ਥਾਵੇਂ ਪੁਰਾਤਨ ਜਨਮ ਸਾਖੀ ਅਤੇ ਭਾਈ ਬਾਲੇ ਵਾਲੀ ਜਨਮ ਸਾਖੀ ( ਲੀਥੋ ) ਵਿਚ ਕਾਜ਼ੀ ਰੁਕਨਦੀਨ ਦਾ ਨਾਮ ਹੈ ਤੇ ਮੁੱਲਾਂ ਜੀਵਨ ਦਾ ਕਿਤੇ

ਜ਼ਿਕਰ ਤਕ ਨਹੀਂ ।

ਮੱਕੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਸਾਲ ਰਹੇ ਤੇ ਕਾਜ਼ੀ ਰੁਕਨਦੀਨ ਅਤੇ ਪੀਰ ਪਤਲੀਏ ਨਾਲ ਉਨ੍ਹਾਂ ਦੀ ਗੋਸ਼ਟਿ ਹੋਈ । ਭਾਈ ਗੁਰਦਾਸ ਦੇ ਕਥਨ ਅਨੁਸਾਰ ਗੋਸ਼ਟਿ ਦਾ ਵਿਸ਼ਾ ਸੀ:—

ਪੁੱਛਣ ਗਲ ਈਮਾਨ ਦੀ,
ਕਾਜ਼ੀ ਮੁੱਲਾਂ ਇਕੱਠੇ ਹੋਈ ।
ਵੱਡਾ ਸਾਂਗ ਵਰਤਾਇਆ,
ਲਖ ਨ ਸੱਕੇ ਕੁਦਰਤ ਕੋਈ ।
ਪੁੱਛਣ ਖੋਲ੍ਹ ਕਿਤਾਬ ਨੂੰ,
ਵੱਡਾ ਹਿੰਦੂ ਕਿ ਮੁਸਲਮਾਨ ਕੋਈ ।

ਤੇ ਇਸ ਸਬੰਧ ਵਿਚ ਸਤਿਗੁਰੂ ਜੀ ਦਾ ਉਤਰ ਸੀ:—

ਬਾਬਾ ਆਖੇ ਹਾਜੀਆਂ, ਸੁਭ ਅਮਲਾਂ ਬਾਝੋਂ ਦੋਵੇਂ ਰੋਈ ।
ਹਿੰਦੂ ਮੁਸਲਮਾਨ ਦੋਇ, ਦਰਗਹ ਅੰਦਰ ਲੈਨ ਨ ਢੋਈ ।
ਕੱਚਾ ਰੰਗ ਕਸੁੰਭ ਦਾ, ਪਾਣੀ ਧੋਤੇ ਥਿਰ ਨ ਰਹੋਈ ।
ਕਰਨ ਬਖੀਲੀ ਆਪ ਵਿਚ, ਰਾਮ ਰਹੀਮ ਕਥਾਇ ਖਲੋਈ ।
ਰਾਹ ਸ਼ੈਤਾਨੀ ਦੁਨੀਆ ਗੋਈ ।। ੩੩ ।।

ਇਸ ਤਰ੍ਹਾਂ ਮੱਕੇ ਦੇ ਲੋਕਾਂ ਦਾ ਸੁਧਾਰ ਕਰਕੇ ਫੇਰ ਸ੍ਰੀ ਗੁਰੂ ਨਾਨਕ ਦੇਵ ਜੀ ਮਦੀਨੇ ਗਏ । ਭਾਈ ਗੁਰਦਾਸ ਦੇ ਕਥਨ ਅਨੁਸਾਰ ਮੱਕੇ ਦੀ ਯਾਤਰਾ ਵਿਚ ਗੁਰੂ ਜੀ ਦੇ ਨਾਲ ਭਾਈ ਮਰਦਾਨਾ ਸੀ, ਪਰ ਭਾਈ ਬਾਲੇ ਵਾਲੀ ਜਨਮ ਸਾਖੀ ਦੇ ਅਨੁਸਾਰ ਜਦ ਗੁਰੂ ਜੀ ਮਦੀਨੇ ਗਏ ਤਾਂ ਭਾਈ

ਬਾਲਾ ਉਨ੍ਹਾਂ ਦੇ ਨਾਲ ਸੀ ਅਤੇ ਇਸ ਤਰ੍ਹਾਂ ਲਿਖਿਆ ਹੈ:--

"ਤਾਂ ਗੁਰੂ ਨਾਨਕ ਜੀ ਅਤੇ ਬਾਲਾ ਦੋਵੇਂ (ਹਜ਼ਰਤ ਮੁਹੰਮਦ ਸਾਹਿਬ ਦੀ) ਗੋਰ ਦੀ ਵਲ਼ ਪੈਰ ਕਰ ਕੇ ਸੁਤੇ ਹੈਨ। ਤਾਂ ਉਸ ਮੁਲਾਂ ਕਹਿਆ "ਅਰੇ। ਤੁਮ ਕੌਣ ਹੋਤੇ ਹੋ, ਰਸੂਲ ਦੀ ਕਬਰ ਦੀ ਤਰਫ਼ ਪੈਰ ਕਰ ਸੁਤੇ ਹੋ ?" ਤਾਂ ਗੁਰੂ ਨਾਨਕ ਜੀ ਕਹਿਆ:- ਭਾਈ! ਹਮ ਥੱਕੇ ਪਏ ਆਹੇ, ਜਿਧਰ ਤੇਰੀ ਖੁਸ਼ੀ ਆਵੇ ਤਿਧਰ ਪੈਰ ਘਸੀਟ ਕੇ ਕਰ ਦੇ।" ਤਾਂ ਮੁਲਾਂ ਦੁਹਾਂ ਦੇ ਪੈਰ ਲਗਾ ਘਸੀਟਣ ਜਯੋਂ ਜਯੋਂ ਪੈਰ ਘਸੀਟੇ ਤਯੋਂ ਤਯੋਂ ਗੋਰ ਘਸੀਟੀ ਦੀ ਫਿਰੇ।"

( ਦੇਖੋ, ਜਨਮ ਸਾਖੀ, ੧੮੮੩, ਛਾਪਾ ਪੱਥਰ, ਸਫ਼ਾ ੧੭੦-੭੧ )

ਮਦੀਨੇ ਦੀ ਯਾਤ੍ਰਾ ਵਿਚ ਪੀਰ ਬਹਾਉਦੀਨ ਆਦਿ ਸੱਜਨਾਂ ਨਾਲ ਗੁਰੂ ਜੀ ਦੀ ਗੋਸ਼ਟਿ ਹੋਈ ਤੇ ਇਸ ਗੋਸ਼ਟਿ ਵਿਚ ਤੇ ਪਿਛੇ ਦੱਸੀ ਮੱਕੇ ਦੀ ਗੋਸ਼ਟਿ ਵਿਚ ਗੁਰੂ ਜੀ ਦੇ ਕਥਨ ਦਾ ਭਾਵ ਸੀ ਕਿ ਰੱਬ ( ਖੁਦਾ ਜਾਂ ਪਰਮੇਸ਼ਵਰ ) ਇਕਦੇਸੀ ਨਹੀਂ, ਬਲਕਿ ਸਰਬ ਦੇਸੀ ਹੈ ਤੇ ਨਿਰਾ ਉਹ ਮੱਕੇ ਵਿਚ ਹੀ ਨਹੀਂ ਬੈਠਾ, ਬਲਕਿ ਹਰ ਥਾਂ ਇਕ ਰਸ ਵਿਆਪਕ ਹੈ ਤੇ ਸਾਰੇ ਇਨਸਾਨ, ਚਾਹੇ ਉਹ ਕਿਸੇ ਵੀ ਮਜ਼ਹਬ ਨਾਲ ਸੰਬੰਧ ਰਖਦੇ ਹਨ, ਉਸ ਦੀ ਅੰਸ਼ ਹਨ, ਇਸ ਲਈ ਬਿਨਾਂ ਕਿਸੇ ਮਜ਼ਹਬੀ ਪੱਖ ਪਾਤ ਦੇ ਇਨ-ਸਾਨੀਅਤ ਦਾ ਭਲਾ ਸੋਚਣਾ ਮਨੁਖ ਮਾਤ੍ਰ ਦਾ ਪਰਮ ਕਰਤੱਬ ਹੈ। ਇਹ ਉਪਦੇਸ਼ ਦੇ ਕੇ ਗੁਰੂ ਜੀ ਬਗ਼ਦਾਦ ਆਦਿ ਥਾਵੀਂ ਹੁੰਦੇ ਹੋਏ ਹਿੰਦੁਸਤਾਨ ਪਰਤ ਆਏ।

# ੩. ਅਜਿੱਤੇ ਰੰਧਾਵੇ ਦੀ ਗੋਸ਼ਟਿ

ਭਾਈ ਅਜਿੱਤਾ ਪੱਖੋ ਕੇ ਰੰਧਾਵੇ ਨਾਮੀ ਪਿੰਡ ਦਾ ਵਸਨੀਕ ਸੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰੇਮੀ ਤੇ ਸ੍ਰਧਾਲੂ ਸਿਖ ਸੀ । ਗੁਰੂ ਸਾਹਿਬ ਨੇ ਇਸ ਨੂੰ ਆਤਮ ਗਿਆਨ ਦਾ ਉਪਦੇਸ਼ ਦਿੱਤਾ ਜੋ ਅਜਿੱਤੇ ਰੰਧਾਵੇ ਦੀ ਗੋਸ਼ਟਿ ਦੇ ਨਾਮ ਨਾਲ ਪ੍ਰਸਿੱਧ ਹੈ, ਪਰ ਇਹ ਗੋਸ਼ਟਿ ਬਹੁਤੀ ਪੁਰਾਣੀ ਨਹੀਂ, ਜਿਸ ਕਰਕੇ ਪੁਰਾਣੀਆਂ ਜਨਮ ਸਾਖੀਆਂ ਵਿਚ ਨਹੀਂ ਮਿਲਦੀ। ਨਾਂ ਤਾਂ ਇਹ ਵਿਲਾਇਤ ਵਾਲੀ ਪੁਰਾਤਨ ਜਨਮ ਸਾਖੀ ਵਿਚ ਹੈ ਤੇ ਨਾਹੀ ਭਾਈ ਬਾਲੇ ਜਾਂ ਮਨੀ ਸਿੰਘ ਜੀ ਦੀ ਜਨਮ ਸਾਖੀ ਵਿਚ। ਨਵੀਂ ਛਾਪੇ ਦੀ ਜਨਮ ਸਾਖੀ ਵਿਚ, ਜੋ ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਅਨਾਰਕਲੀ ਲਾਹੌਰ ਦੇ ਛਾਪੇਖਾਨੇ ਸੰਮਤ ਨਾਨਕਸ਼ਾਹੀ ੪੩੧ ਵਿਚ ਪ੍ਰਕਾਸ਼ਿਤ ਹੋਈ। ਇਹ ਗੋਸ਼ਟਿ ਸਫ਼ਾ ੫੧੩ ਤੋਂ ੫੪੫ ਤਕ ਛਪੀ ਹੋਈ ਮਿਲਦੀ ਹੈ। ਭਾਈ ਬਾਲੇ ਦੀ ਇਸ ਜਨਮ ਸਾਖੀ ਤੋਂ ਛੁਟ ਇਹ ਗੋਸ਼ਟਿ ਵੱਖ ਪੁਸਤਕ ਦੇ ਰੂਪ ਵਿਚ ਹੱਥ ਦੀ ਲਿਖੀ ਹੋਈ ਵੀ ਮਿਲਦੀ ਹੈ, ਪਰ ਉਸ ਦੇ ਪਾਠ ਛਾਪੇ ਦੀ ਇਸ ਗੋਸ਼ਟਿ ਨਾਲ ਮੇਲ ਨਹੀਂ ਖਾਂਦੇ। ਇਸ ਤੋਂ ਇਲਾਵਾ ਜਿਵੇਂ ਜਨਮ ਸਾਖੀਆਂ ਕਈ ਪ੍ਰਕਾਰ ਦੀਆਂ ਹੋਣ ਕਰਕੇ ਪਰਸਪਰ ਨਹੀਂ ਮਿਲਦੀਆਂ, ਇਸੇਤਰ੍ਹਾਂ ਭਾਈ ਅਜਿਤੇ ਰੰਧਾਵੇ ਦੀ ਇਸ

ਗੋਸ਼ਟਿ ਦੇ ਵੱਖੋ ਵੱਖ ਸੰਸਕਰਣ ਪਾਏ ਜਾਂਦੇ ਹਨ ਜੋ ਆਪਸ ਵਿਚ ਪਾਠ-ਭੇਦ ਹੋਣ ਕਰਕੇ ਕੁਦਰਤੀ ਤੌਰ ਤੇ ਇਕ ਦੂਜੇ ਨਾਲ ਨਹੀਂ ਮਿਲਦੇ।

ਭਾਈ ਅਜਿਤੇ ਰੰਧਾਵੇ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੋਸ਼ਟਿ ਸ੍ਰੀ ਕਰਤਾਰ ਪੁਰ ਸਾਹਿਬ ਹੋਈ। ਉਸ ਸਮੇਂ ਗੁਰੂ ਸਾਹਿਬ ਸ੍ਰੀ ਰਾਗ ਦਾ "ਕੋਟਿ ਕੋਟੀ ਮੇਰੀ ਆਰਜਾ..." ਨਾਮੀ ਸ਼ਬਦ ਪੜ੍ਹ ਰਹੇ ਸਨ। ਭਾਈ ਅਜਿੱਤਾ ਇਹ ਸਬਦ ਸੁਣ ਕੇ ਭੈਮਾਨ ਹੋਗਿਆ ਤੇ ਉਸ ਦੇ ਬੇਨਤੀ ਕਰਨ ਤੇ ਗੁਰੂ ਜੀ ਨੇ ਇਸ ਸ਼ਬਦ ਦਾ ਪਰਮਾਰਥ ਉਸ ਨੂੰ ਸਮਝਾਇਆ ਤੇ ਚਾਰ ਜੁਗਾਂ ਦੇ ਧਰਮ ਦੱਸ ਕੇ ਉਸ ਦਾ ਭੈ ਨਿਵਿਰਤ ਕਰਦਿਆ ਆਖਿਆ, "ਬਚਾ! ਪਿਛਲੇ ਜੁਗਾਂ ਵਿਚ (ਲੋਕ) ਜਪ ਤਪ ਬਹੁਤ ਕਰਦੇ ਸਨ। ਅਤੇ ਸਤਵਾਦੀ ਹੁੰਦੇ ਸਨ। ...ਜੇ ਇਕ ਜੁਗ ਚੁਕਦਾ ਸੀ ਤਾਂ ਦੂਸਰੇ ਜੁਗ ਮਿਲ ਪਾਉਂਦਾ ਸੀ ਅਤੇ ਮੁਕਤ ਪਾਉਂਦਾ ਸੀ...ਪਰ ਬਚਾ ਅਜਿਤਿਆ। ਹੁਣ ਆਇਆ ਹੈ ਕਲਜੁਗ. ਕੋਈ ਗੁਰਮੁਖ ਹੀ ਸਬੂਤ ਰਹੇਗਾ ਅਤੇ ਜੋ ਏਥੋਂ ਖਿਸਕੇਗਾ ਅਰਵਾ ਚੁਕਗਾ ਸੋ ਥਾਉ ਕਿਥਾਊ ਨਾ ਪਾਵੇਗਾ।" ਫੇਰ ਇਸ ਤੋਂ ਅੱਗੇ ਗੁਰੂ ਜੀ ਨੇ ਦਸਿਆ ਕਿ "ਭਾਈ ਅਜਿਤਿਆ! (ਜਦ) ਗੁਰੂ ਜਾਮਾ ਬਦਲੇਗਾ ਤਾਂ ਸੰਬੂਹ ਸਿਖ ਭਰਮ ਜਾਵਨਗੇ ਪਰ ਇਹ ਜੋ ਹੈ ਸੋ ਭਰਮ ਹੈ ਭਾਈ ਅਜਿਤਿਆ! ਗੁਰੂ ਜੰਮਣ ਮਰਣ ਵਿਚ ਨਾਹੀਂ, ਅਲਿਪਤ ਹੈ; ਜੋਤੀ ਸਰੂਪ ਅਮਰ ਹੈ।" (ਸਫ਼ਾ ੫੨੦) ਇਹ ਵਿਚਨ ਸੁਣਕੇ ਅਜਿੱਤੇ ਨੇ ਅਰਦਾਸ

ਕੀਤੀ "ਸਚੇ ਪਾਤਸ਼ਾਹ ਜੀ ! ਜਾਮਾ ਏਹੋ ਰਖੀਐ।" ਤ
ਫੇਰ ਹੁਕਮ ਹੋਇਆ। "ਭਾਈ ਅਜਿਤਿਆ ! ਏਹ ਨਹੀਂ।'
ਤੇ ਸੰਸਾਰ ਦੀ ਅਸਾਰਤਾ ਦੱਸ ਕੇ ਅੱਗੇ ਉੱਤਰ ਦਿਤਾ
"ਬਿਧਿ ਜੋ ਹੈ ਸੋ ਸੰਜੋਗ ਵਿਜੋਗ ਹੈ, ਸੰਜੋਗ ਕਰ ਕੇ ਮੇਲ
ਹੁੰਦਾ ਹੈ ਵਿਜੋਗ ਕਰਕੇ ਵਿਛੜੀਦਾ ਹੈ, ਗੁਸਾਈ ਜੋ
ਸੋ ਸਤਿਗੁਰੂ ਹੈ, ਉਹ ਸਾਂਗ ਕਰ ਕਰ ਚੋਜ ਦੇਖਦਾ ਹੈ।'
(ਸਫ਼ਾ ੫੨੧)

ਇਸ ਤਰਾਂ ਸੰਸਾਰ ਦੀ ਅਸਾਰਤਾ ਤੇ ਸਤਿਗੁਰਾਂ
ਜਾਮੇ ਬਦਲਨ ਦਾ ਜ਼ਿਕਰ ਕਰਕੇ ਗੁਰੂ ਜੀ ਨੇ ਅਜਿ
ਪ੍ਰਤੀ ਕੁਝ ਸਿਖ ਪੰਥ ਬਾਰੇ ਭਵਿੱਖ ਵਚਨ ਆਖੇ ਜੋ ਇ
ਗੋਸ਼ਟਿ ਵਿਚ ਇਸਤਰਾਂ ਕ੍ਰਮ ਅਨੁਸਾਰ ਚਲਦੇ ਹਨ:-

( ੳ ) "ਬੱਚਾ ਅਜਿਤਿਆ ! ਜਿਸ ਦੇ ਪੂਰੇ ਭਾ
ਹੋਵਨਗੇ ਸੋ ਪੁਰਖ ਸੁਧਰਨਗੇ; ਹੋਰ ਮਾਯਾ ਮਮਤਾ ਕੇ ਲੋ
ਹੋਨ। ਜਿਤਨੇ ਤਾਈਂ ਮੇਰਾ ਜਾਮਾ ਰਹੇਗਾ, ਦਸਾਂ ਮਹਿਲ
ਤਾਈਂ ਗੁਰੂ ਜਾਮਾ ਹਾਜ਼ਰ ਰਖੇਗਾ ਤੇ ਦਸ ਜਾਮੇ ਤਾਂ ਮੇ
ਹੀ ਸਰੂਪ ਅਰ ਮੇਰੀ ਹੀ ਜੋਤ ਹੋਵੇਗੀ, ਪਿਛੇ ਧੁੰਦੂਕਾਰ
ਜਾਵੇਗਾ; ਆਪੋ ਆਪਣੇ ਮਤ ਚਲਨਗੇ; ਗੁਰੂ ਇਕ ਹੋਵੇਗ
ਮਤ ਬਹੁਤੇ ਹੋਇ ਜਾਣਗੇ ਅਰ ਮਤ ਮਤੀ ਕੀ ਨਿੰਦਾ ਕਰੇਂਗ
ਵਰਜਨ ਹਾਰ ਕੋਈ ਨਾ ਹੋਵੇਗਾ; ਇਕ ਅੱਧ ਸਮਦਰ
ਸਤਿਗੁਰੂ ਕਾ ਸਿਖ ਹੋਵੇਗਾ, ਨਹੀਂ ਤਾਂ ਹੋਰ ਸਭ ਸਿ
ਸਿਖਾਂ ਦੀ ਹੀ ਨਿੰਦਿਆ ਕਰਨਗੇ...।" (ਸਫ਼ਾ ੫੨੪)

(ਅ)..."ਇਕ ਜੋ ਬੰਦਾ ਸਾਹਿਬ ਦਾ ਉਠੇਗਾ ਤਿਸ ਕਾ ਨਾਮ ਬੈਰਾਗੀ ਹੋਵੇਗਾ। ਸੋ ਗੁਰੂ ਕੇ ਹੁਕਮ ਸਿਉ ਉਠੇਗਾ ਅਰ ਸਤਿਗੁਰੂ ਉਧ ਨੂੰ ਆਪ ਕੀ ਬੰਦਗੀ ਬਖਸ਼ੇਂਗੇ...ਜਹਾਂ ਜਹਾਂ ਝੂਠ ਹੋਵੇਗਾ ਸੋ ਉਸ ਕੇ ਹਵਾਲੇ ਕਰੀਐਗਾ ਸੋ ਪਾਰਬ੍ਰਹਮ ਕੇ ਹੁਕਮ ਸਾਥ ਚਕਨਾ ਚੂਰ ਕਰੇਗਾ ਜਿਤਨੀਆਂ ਜੂਠੀਆਂ ਠਉੜਾਂ ਹੈਨ: ਤੀਰਥ, ਮੜ੍ਹੀਆਂ, ਦੇਹੁਰੇ, ਪੀਰਾਂ ਦੇ ਟਿਕਾਣੇ, ਰਾਜ ਰੰਗ ਦੀਆਂ ਠਉਰਾਂ, ਜਹਾਂ ਜਹਾਂ ਝੂਠ ਹੋਵੇਗਾ ਸੋ ਸਜ਼ਾਇ ਪਾਵਾਂਗੇ ਓਸ ਵਖਤ ਧੁੰਧੂਕਾਰ ਵਰਤੇਗਾ।"

(ਸਫ਼ਾ ਪ੨੭)

(ੲ) "ਸੁਣ ਬਚਾ ਅਜਿਤਿਆ! ਉਹ ਕੈਸੇ ਮਰਦ ਹੋਵਨਗੇ ਜੋ ਕੋਈ ਗੁਰੂ ਕੇ ਜਾਨਨੇ ਵਾਲਾ ਸਾਧ ਹੋਵੇਗਾ ਉਸ ਕੇ ਜੀਅ ਕੇ ਲਾਗੂ ਹੋਵਨਗੇ ਅਤੇ ਜਿਉਂ ਬਾਜ਼ਾਰ ਮਹਿੰ ਕਰੂੰਜੜੇ ਭਠਿਆਰੇ ਲੜਦੇ ਹੈਨ ਤਿਉਂ ਓਹ ਲੜ ਪਵਨਗੇ ਅਰ ਬਾਤਾਂ ਜੋ ਕਰਨਗੇ ਸੋ ਦੇਵਾਨਿਆਂ ਕੀਆਂ ਹੀ ਕਰਨਗੇ। ਜਿਉਂ ਕੇਸੂ ਫੁਲਾਂ ਕਾ ਗੁਛਾ ਫਿਰ ਪਾਉਂਦਾ ਹੈ ਤਿਉਂ ਉਨ੍ਹਾਂ ਕਾ ਰੰਗ ਟਟ ਜਾਵੇਗਾ, ਓਹ ਆਪ ਵਿਚ ਇਕੱਠੇ ਨਾ ਹੋਵਨਗੇ, ਉਨ੍ਹਾਂ ਦਾ ਮੋਹ ਤਿਰੀਆ ਸੰਗ ਲਗ ਜਾਵੇਗਾ, ਸਤਿਗੁਰੂ ਤੇ ਉਹ ਬੇਮੁਖ ਹੋਇ ਜਾਵਨਗੇ, ਓਹ ਚਉਰਾਸੀ ਭਰਮਨਗੇ।" (ਸਫ਼ਾ ਪ੩੩)

(ਸ) "ਚੌਹੱਤਰ ਜਾਮੇ ਭਗਤ ਜਨ,
ਦਸ ਹੈ ਸਤਿਗੁਰੂ ਰਾਇ।"

ਗੁਰਮੁਖ ਹੋਇ ਸੁ ਮਿਲ ਰਹੇਂ,
ਮਨਮੁਖ ਮਿਲਹਿ ਸਜਾਇ।

(ਹ) "ਭਾਇ ਅਜਿਤਿਆ! ਜਦੋਂ ਗੁਰੂ ਏਸ ਧਰਤੀ ਉਪਰੋਂ ਅਦ੍ਰਿਸਟ ਹੋ ਜਾਵਨਗੇ ਤਾਂ ਪਿਛੋ ਸੰਸਾਰ ਵਿਚ ਐਸੀ ਵਰਤ ਜਾਵੇਗੀ ਜੋ ਕੋਈ ਕਿਸੇ ਨੂੰ ਜਾਣੇਗਾ ਨਹੀਂ ਅਤੇ ਧੁੰਧੂਕਾਰ ਵਰਤ ਜਾਸੀ, ਅਜੇਹੇ ਮਨਮੁਖ ਹੋਨਗੇ ਜੋ ਕੋਈ ਨਾ ਹਿੰਦੂ ਰਹੇਗਾ ਨਾ ਮੁਸਲਮਾਨ ਰਹੇਗਾ। ..ਉਸ ਸਮੇਂ ਇਕ ਭਗਤ ਪੈਦਾ ਹੋਇ ਜਾਵੇਗਾ ਸੋ ਨੀਲ ਬਸਤ੍ਰ ਪਹਿਰੇਗਾ ਅਤੇ ਅੰਤਰੋਂ ਸ਼ਬਦ ਪੋਥੀਆਂ ਉਚਾਰੇਗਾ।...ਉਸ ਨਾਲ ਕੋਈ ਵਿਰਲਾ ਹੀ ਜਾਵੇਗਾ। (ਸਫ਼ੇ ੫੪੩–੪੪)

ਇਹ ਗੋਸ਼ਟਿ ਦੇ ਉਪਰੋਕਤ ਭਵਿੱਖਤ ਵਚਨ ਸੌ ਸਾਖੀ ਨਾਲ ਮਿਲਦੇ ਜੁਲਦੇ ਹਨ, ਜਿਨ੍ਹਾਂ ਵਿਚ ਸ੍ਰੀ ਦਸਮੇਸ਼ ਜੀ ਦੇ ਹੁਕਮ ਨਾਲ ਬੰਦੇ ਬਹਾਦਰ ਦੇ ਪੰਜਾਬ ਆਉਣ ਦਾ ਜ਼ਿਕਰ ਹੈ। ਤੇ ਇਹ ਭਵਿੱਖ ਵਚਨ ਸੌ ਸਾਖੀ ਵਾਂਗੂ ਹੀ ਇਕ ਮਨੋਰੰਜਨ ਕਰਨ ਦੀ ਸਾਮਗ੍ਰੀ ਹੈ ਤੇ ਹੋਰ ਅਸਲੀਅਤ ਇਨ੍ਹਾਂ ਵਿਚ ਕੋਈ ਨਹੀਂ। ਅਜਿਹੇ ਭਵਿੱਖ ਵਚਨਾਂ ਦੀ ਰਚਨਾ ਮਹਾਰਾਜਾ ਰਣਜੀਤ ਸਿੰਘ ਜੀ ਤੋਂ ਕੁਝ ਚਿਰ ਪਹਿਲਾਂ, ਸਿਖਾਂ ਦਾ ਤੇਜ ਪ੍ਰਤਾਪ ਵਧਣ ਵੇਲੇ, ਹੋਈ ਸੀ। ਸੋ ਇਹ ਗੋਸ਼ਟਿ ਵੀ ਇਸ ਤੋਂ ਵੱਧ ਪੁਰਾਣੀ ਨਹੀਂ ਜਾਪਦੀ। ਇਸ ਗੋਸ਼ਟਿ ਦੇ ਅੰਤ ਵਿਚ ਸਿਖੀ ਭਾਵਨਾ ਦੀ ਝਲਕ ਹੈ ਤੇ ਗੁਰੂ ਜੀ ਦਾ ਵਚਨ ਦਿਤਾ ਹੈ:–"ਭਾਈ ਅਜਿਤਿਆ! ਜੋ ਕੋਈ ਸ਼ਬਦ ਕਉ ਖੋਜੇਗਾ ਤੇ ਮਨ ਵਿਖੇ ਵਸਾਵੇਗਾ ਤਾਂ ਉਸਦਾ

ਤਤਕਾਲ ਹੀ ਉ    ਤ ਹੋਇ ਜਾਵੇਗਾ। ਭਾਵੇਂ ਖਤਰੀ, ਬ੍ਰਾਹਮਣ, ਵੈਸ਼, ਸ਼ੂਦਰ, ਚੰਡਾਲ ਹੋਵੇ, ਜੋ ਗੁਰੂ ਕੇ ਸ਼ਬਦ ਕੌ ਖੋਜੇਗਾ, ਤਿਸ ਕਾ ਉਧਾਰ ਹੋਵੇਗਾ।" ਇਸ ਵਚਨ ਵਿਚ ਇਸ ਗੋਸ਼ਟਿ ਦਾ ਸਾਰ ਅੰਸ਼ ਅਥਵਾ ਨਿਚੋੜ ਹੈ ਤੇ ਇਸ ਤਰ੍ਹਾਂ ਭਾਈ ਅਜਿਤੇ ਦੀ ਸ਼ੰਕਾ ਦਾ ਸਮਾਧਾਨ ਹੋਣ ਤੇ ਇਹ ਗੋਸ਼ਟਿ ਸਮਾਪਤ ਹੋ ਜਾਂਦੀ ਹੈ।

—o—

# ਮੁੜ ਧਰਮ ਪੰਖਲਾ ਉਡ਼ਿਆ

ਰਙਾਰਾ ਸਿੰਘ ਗੁਰਦਾਸਪੁਰੀ

ਰਾਹੀਆ ਰਾਹ ਰਾਹ ਜਾਂਦਿਆ,
ਮੇਰੀ ਸੁਣ ਜਾ ਗਲ ਜ਼ਰੂਰ।
ਜੇ ਤੂੰ ਚਲਿਆਂ ਉਹਦੇ ਦੇਸ ਨੂੰ,
ਜਿਹੜਾ ਨੇੜੇ ਵੀ ਤੇ ਦੂਰ।
ਜਿਥੇ ਖਿੜ ਖਿੜ ਹਸਦੀਆਂ ਰਹਿਮਤਾਂ,
ਜਿਥੇ ਸੀਤਲਤਾ ਦੀ ਗੂਰ।
ਜਿਥੇ ਨਾਮ ਖ਼ਮਾਰੀਆਂ ਚੜ੍ਹਦੀਆਂ,
ਜਿਥੇ ਚੜ੍ਹਦੇ ਪ੍ਰੇਮ ਸਰੂਰ।
ਓਥੇ ਨਾਨਕ ਮੇਰਾ ਵਸਦਾ,
ਉਹ ਨਾਨਕ ਰਬੀ ਨੂਰ।
ਉਨ੍ਹੂੰ ਆਖੀ ਜਾ ਕੇ ਰਾਹੀਆ,
ਮੇਰੀ ਐਨੀਂ ਗਲ ਜ਼ਰੂਰ।
ਤੁਸੀਂ ਆ ਗਏ ਜਦ ਦੇ ਛਡ ਕੇ,
ਸੱਚ ਖੰਡਾਂ ਵਿਚ ਹਜ਼ੂਰ।
ਤੇਰੀ ਦੁਨੀਆਂ ਕਮਲੀ ਹੋ ਗਈ,
ਮੁੜ ਖਹਿ ਖਹਿ ਹੋ ਗਈ ਚੂਰ।
ਮੁੜ ਕੌੜੇ ਰਾਖਸ਼ ਜਮ ਪਏ,
ਮੁੜ ਸਜਣ ਹੋਏ ਮਸ਼ਹੂਰ
ਮੁੜ ਧਰਮ ਪੰਖ ਲਾ ਉਡਿਆ,
ਮੁੜ ਕੂੜ ਹੋਇਆ ਮਨਜ਼ੂਰ।

ਮੁੜ ਜਮ [illegible] [illegible] [illegible],
ਮੁੜ ਟੁਟਣ ਕਹਿਰ ਕਹਿਲੂਰ।
ਮੁੜ ਭਾਗੋ ਰਤ ਨਚੋੜ ਦੇ,
ਉਹ ਬੇਦੋਸ਼ਾ ਨੂੰ ਘੂਰ।
ਮੁੜ ਬਾਬਰ ਕਰਨ ਬੇਪੱਤੀਆਂ,
ਪਾੜ੍ਹਿੰਦੇ ਫਿਰਨ ਫਤੂਰ।
ਬਾਬਾ ਜਿਨ ਸਿਰ ਸੋਹਿਨ ਪਟੀਆਂ,
ਅਤੇ ਮਾਂਗੀ ਪਏ ਸੰਧੂਰ।
ਸੋ ਸਿਰ ਕਾਤੀ ਮੁਨੀਅਨ,
ਗਲ ਵਿਚ ਆਵੇ ਧੂਰ।
ਮੁੜ ਕੂੜ ਅਮਾਵਸ ਛਾ ਗਈ,
ਮੁੜ ਸੱਚ ਹੋਇਆ ਕਾਫ਼ੂਰ।
ਮੁੜ ਹੱਕ ਪਰਾਇਆ ਖਾਂਵਿੰਦੇ,
ਜੋ ਉਸ ਗਾਏ ਉਸ ਸੂਰ।
ਮੁੜ ਸਾਧ ਪਖੰਡੀ ਜੰਮ ਪਏ,
ਵਲੀਂ ਛਲੀਂ ਭਰਪੂਰ।
ਮੁੜ ਬਗਲੀਂ ਛੁਰੀਆਂ ਤਿਖੀਆਂ,
ਇਹ ਕੁਜਾਤਾਂ ਦੇ ਦਸਤੂਰ।
ਮੁੜ ਅਗਾਂ ਲਗੀਆਂ ਜਗ ਨੂੰ,
ਤੁਰ ਗਿਆ ਸਬਰ ਸਬੂਰ।
ਜੇ ਤੂੰ ਨਾਂ ਆਵੇਂ ਇਸ ਵੇਲੇ,
[illegible] [illegible] ਸਾਈਂ ਹਜ਼ੂਰ।
ਤੇਰੀ ਦੁਨੀਆਂ ਖਹਿ ਖਹਿ ਜਲ ਜਾਊ,
ਇਹ ਬਾਂਸਾਂ ਵਾਂਗ ਜ਼ਰੂਰ।

( ਸਫ਼ਾ ਦੋ ਦੀ ਬਾਕੀ )

1. ਗੁਰਨਾਮ ਸਿੰਘ, ਬਾਰਾਂ ਟੂਟੀ, ਸਦਰ ਬਜ਼ਾਰ, ਦਿਲੀ
ਵਧਾਵਾ ਸਿੰਘ, ਗਾਂਧੀ ਮਾਰਕੀਟ, ਸਦਰ ਬਜ਼ਾਰ ਦਿਲੀ,
ਸਤਿ ਸੰਗ ਸਭਾ, ਗੁਰਦਵਾਰਾ ਬੰਗਲਾ ਸਾਹਿਬ, ਦਿਲੀ
ਗੁਰਦੁਵਾਰਾ ਪੰਜਾਬੀ ਸੰਗਤੁ, ਪਹਾੜ ਗੰਜ, ਦਿਲੀ
ਜੋਗਿੰਦਰ ਸਿੰਘ, ਲਕਸ਼ਮੀ ਕਮਰਸ਼ੇਲ ਬੈਂਕ, ਦਿਲੀ
ਈਸ਼ਰ ਸਿੰਘ ,, ,, ,,
ਮਦਨ ਸਿੰਘ ਜੀ, ਪਹਾੜ ਗੰਜ, ਦਿਲੀ
ਫੈਨਸੀ ਬਟਨ ਸਟੋਰਜ਼, ਸਦਰ ਬਜ਼ਾਰ, ਦਿਲੀ
ਹਰੀ ਸਿੰਘ ਹਰਭੱਜਨ ਸਿੰਘ, ਪਹਾੜ ਗੰਜ, ਦਿਲੀ
ਭਾਗ ਸਿੰਘ ਮਹਿੰਦਰ ਸਿੰਘ, ਸਦਰ ਬਜ਼ਾਰ, ਦਿਲੀ
ਸ੍ਰੀ ਗੁਰੂ ਸਿੰਘ ਸਭਾ, ਪਹਾੜ ਗੰਜ, ਦਿਲੀ
ਕਰਤਾਰ ਸਿੰਘ ਐਡਵੋਕੇਟ, ਬਹੇੜਾ ਰੋਡ, ਪਟਿਆਲਾ।
ਸ੍ਰੀ ਕਲਗੀਧਰ ਬੀਰ ਸਭਾ, ਪਟਿਆਲਾ।
ਹਰਚੰਦ ਸਿੰਘ ਜੀ ਜੇਜੀ, ਪਟਿਆਲਾ।
ਗੋਪਾਲ ਸਿੰਘ ਨੰਦਾ, ਪਟਿਆਲਾ।
ਮਾ: ਹਰਚਰਨ ਸਿੰਘ, ਬੀ. ਏ. ਬੀ. ਟੀ. ਪਟਿਆਲਾ।
ਕਰਤਾਰ ਸਿੰਘ ਦੀਵਾਨਾ, ਜਥੇਦਾਰ ਅਕਾਲੀ ਜਥਾ, ਪਟਿਆਲਾ
ਨਵੀਨ ਸ੍ਰੀ ਗੁਰੂ ਸਿੰਘ ਸਭਾ, ਪਟਿਆਲਾ।
ਤਰਲੋਕ ਸਿੰਘ ਮੀਉਂਸਪਲ ਕਮਿਸ਼ਨਰ, ਪਟਿਆਲਾ।
ਜੱਬਰ ਸਿੰਘ ਬੀਲਾ, ਅਕਾਲੀ ਜਥਾ, ਪਟਿਆਲਾ।
ਧਰਮ ਸਿੰਘ ਕਲੇਰ, ਰਾਘੋ ਮਾਜਰਾ, ਪਟਿਆਲਾ।

# ਸ੍ਰੀ ਕਲਗੀਧਰ ਬੀਰ ਸਭਾ,

## ਦੇ ਮੈਂਬਰ ਬਣਕੇ

ਸ੍ਰੀ ਕਲਗੀਧਰ ਮਿਡਲ ਸਕੂਲ, ਪਹਾੜ ਗੰਜ, ਦਿਲੀ ਦੀ ਸਹਾਇਤਾ ਕਰੋ। ਸ਼ੀਘਰ ਹੀ ਫ਼ਾਰਮ ਮੈਂਬਰੀ ਆਦਿ ਲਈ ਸਕੱਤਰ ਸਭਾ ਨੂੰ ਲਿਖੋ, ਜਾਂ ਮਿਲੋ।

---

# *LAHORE ENGINEERING WORKS*

**Manufacturers of High Class Soda Water Machines & Genaral order Suppliers.**
**Phatak Nimak wala, Hauz Kazi DELHI**

---

ਹਰ ਪ੍ਰਕਾਰ ਦੀ ਇਮਾਰਤੀ ਲੱਕੜੀ ਤੇ ਪੈਕਿੰਗ ਕਸਾਂ ਲਈ

## ਮਾ: ਇਕਬਾਲ ਸਿੰਘ, ਟਿੰਬਰ ਮਰਚੈਂਟ,

ਓਰਿਜਨਲ ਰੋਡ, ਨਵੀਂ ਦਿਲੀ ਨੂੰ ਚੇਤੇ ਰਖੋ। ਕਿਸੇ ਹੋਰ ਫ਼ਰਮ ਤੇ ਆਡਰ ਬੁਕ ਕਰਨ ਤੋਂ ਪਹਿਲੋਂ ਸਾਨੂੰ ਪੁਛੋ।

---

ਹਰ ਪ੍ਰਕਾਰ ਦੀਆਂ ਸਾਇਕਲਾਂ, ਥੋਕ ਜਾਂ ਪਰਚੂਨ ਸਸਤੇ ਨਿਰਖਾਂ ਤੇ

## ਸਪੈਸ਼ਲ ਸਾਇਕਲ ਸਟੋਰ

ਐਸਪਲੈਨੇਡ ਰੋਡ, ਦਿਲੀ ਤੋਂ ਖਰੀਦੋ,


---

'ਪ੍ਰਕਾਸ਼ ਪ੍ਰੈਸ, ਧਰਮ ਪੁਰਾ ਰੋਡ, ਪਟਿਆਲਾ।

ਸਭ ਹੱਕ ਕਰਤਾ ਦੇ ਰਾਖਵੇਂ ਹਨ

ੴ ਸਤਿਗੁਰਪ੍ਰਸਾਦਿ ॥

ਹਿੰਦੂ ਮੁਸਲਿਮਾਂ ਵਿਚ ਨਾ ਫ਼ਰਕ ਸਮਝੇ,
ਸਾਂਝਾ ਦੋਹਾਂ ਦਾ ਪੀਰ ਅਖਵਾਉਂਦਾ ਸੀ ॥

# ਗੁਰੂ ਨਾਨਕ

## ਵਲੀ,

## ਕਿ ਅਵਤਾਰ ?


ਲੇਖਕ—

ਮਹਿੰਦਰ ਸਿੰਘ "ਪੰਨੂ"

M. Sc. Agri. (Agri. Eco.)
I. C. A. R., NEW DELHI.



ਪ੍ਰਕਾਸ਼ਕ—

ਭਾ: ਲੱਧਾ ਸਿੰਘ ਐਂਡ ਸੰਨਜ਼

ਪੁਸਤਕਾਂ ਛਾਪਣ ਤੇ ਵੇਚਣ ਵਾਲੇ

ਗੁਰਦੁਵਾਰਾ ਰੋਡ, ਕਰੋਲ ਬਾਗ਼, ਦਿਲੀ।

੧੦੦੦

ਮੂਲ ਚਾਰ ਆਨੇ ।।

# ਅਰਪਨ

ਪਿਆਰੀ ਮਾਤਾ ਜੀ ਦੇ, ਜੋ ਪਿਆਰ ਤੇ ਕੁਰਬਾਨੀ ਦੀ ਨਿਸ਼ਾਨੀ (Symbol), ਅਤੇ ਦੁਨੀਆਂ ਉਤੇ ਸੁਰਗ ਦੀ ਇਕ ਜ਼ਿੰਦਾ ਮਿਸਾਲ ਹਨ।

ਕਰਤਾ-

# ਮੁਖ ਬੰਦ

ਵਲੋਂ

ਸ: ਪ੍ਰਤਾਪ ਸਿੰਘ ਗਿਆਨੀ Private Secretary,
Hon'ble Deputy Minister for Food & Agriculture
Govt. of India, New Delhi.

# ਮੁਖਬੰਦ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਣ ਅਤੇ ਸਿਖਿਆ ਨੂੰ ਸਮਝਨਾਂ ਦੁਨੀਆਂ ਲਈ ਆਮ ਤੇ ਹਿੰਦੁਸਤਾਨ ਲਈ ਖਾਸ ਤੌਰ ਤੇ ਜ਼ਰੂਰੀ ਹੈ ਕਿਉਂਕਿ ਮਨੁਖ ਮਾਤ੍ਰ ਲਈ ਉਸ ਵਿਚੋਂ ਅਮਲੀ ਰਹਿ-ਨੁਮਾਈ ਮਿਲਦੀ ਹੈ ਜਿਸ ਵਿਚ ਦੇਸ਼, ਮਜ਼ਬ, ਅਤੇ ਕਾਲ ਦੀਆਂ ਹੱਦਾਂ ਦੀ ਕੋਈ ਰੁਕਾਵਟ ਨਹੀਂ।

ਕੁਝ ਚਿਰ ਹੋਇਆ ਦਿਲੀ ਵਿਚ International Congress of Fellowship of World Faiths (ਦੁਨੀਆਂ ਦੇ ਸਭ ਮਜ਼ਬਾਂ ਦੀ ਸਾਂਝੀ ਕਾਂਗਰਸ) ਹੋਈ ਸੀ, ਹਰ ਮਜ਼ਬ ਦੇ ਪ੍ਰਸਿੱਧ ਲੋਕਾਂ ਨੇ ਅਪਨੇ ਅਪਨੇ ਧਰਮ ਦੀ ਵਸ਼ੇਸ਼ਤਾ ਦੱਸੀ। "ਪੰਨੂੰ" ਜੀ ਨੇ ਵੀ ਇਸ ਵਿਚ ਹਿੱਸਾ ਲਿਆ ਸੀ। ਪ੍ਰੋਫ਼ੈਸਰ ਤੇਜਾ ਸਿੰਘ ਜੀ ਨੇ ਸਿੱਖ ਧਰਮ ਸੰਬੰਧੀ ਜ਼ਿਕਰ ਕਰਦਿਆਂ ਫ਼ੁਰਮਾਇਆ, "ਅਪਨੇ ਆਪਨੂੰ ਵਡਿਆਨਾ ਅਸਲ ਵਿਚ ਕਿਸੇ ਮਜ਼ਬ ਦੀ ਉਚਿਆਈ ਨੂੰ ਪ੍ਰਗਟ ਨਹੀਂ ਕਰਦਾ, ਨ ਹੀ ਇਹ ਸਰਬ ਧਰਮਾਂ ਦੀ ਸਾਂਝੀ-ਵਾਲਤਾ ਨੂੰ ਦਰਸਾਂਦਾ ਹੈ"-ਗੁਰੂ ਨਾਨਕ ਸਾਹਿਬ ਜੀ ਸ੍ਰੇਸ਼ਟ ਧਰਮ ਦੀ ਬੁਨਿਆਦ ਨਾਮ ਜਪਨ ਤੇ ਨਿਰਮਲ ਕਰਮ ਕਰਨ ਪੁਰ ਰਖਦੇ ਹਨ ਜਿਸ ਵਿਚ ਸਾਂਝੀਵਾਲਤਾ ਲਿਸ਼ਕਾਰੇ ਮਾਰਦੀ ਹੈ:—

"ਸਰਬ ਧਰਮ ਮਹਿ ਸ੍ਰੇਸਟ ਧਰਮੁ।
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ" (ਸੁਖਮਨੀ ਮਹਲਾ ੫)

"ਪੱਨੂੰ" ਜੀ ਇਕ ਸਾਇੰਟਿਸਟ (Scientist) ਅਤੇ ਨਾਲ ਹੀ ਫ਼ਿਲਾਸਫ਼ਰ (Philosopher) ਤੇ ਪੰਜਾਬੀ ਅਤੇ ਉਰਦੂ ਦੇ ਕਵੀ (Poet) ਹਨ, ਪਰ ਦੁਨਿਆਵੀ ਇਲਮ ਵਿਚ ਆਪਾ ਗੁਵਾ ਚੁਕੇ ਪੜ੍ਹਾਕੂਆਂ ਵਿਚੋਂ ਨਹੀ। ਇਹ ਆਪੇ ਦੀ ਖੋਜ ਕਰਨ ਵਾਲੇ ਗੁਰਮੁਖ ਪਿਆਰੇ ਹਨ ਜੋ ਗੁਰਬਾਣੀ ਦੇ ਖੋਜੀ ਤੇ ਰਸੀਏ ਹਨ। ਇਹਨਾਂ ਦਾ ਇਹ ਯਤਨ ਸ਼ਲਾਘਾ ਯੋਗ ਹੈ ਅਤੇ ਹੋਰ ਪੜ੍ਹੇ ਲਿਖੇ ਨੌਜਵਾਨਾਂ ਨੂੰ ਰੂਹਾਨੀਅਤ ਦੇ ਚਾਨਣ-ਮੁਨਾਰੇ ਤੋਂ ਰੋਸ਼ਨੀ ਪ੍ਰਾਪਤ ਕਰਨ ਵਾਸਤੇ ਪ੍ਰੇਰਨਾ ਕਰਦਾ ਹੈ।(ਪ੍ਰਤਾਪ ਸਿੰਘ ਗਯਾਨੀ)੧੫-੧੧-੫੦

# ਗੁਰੂ ਨਾਨਕ
# ਵਲੀ, ਕਿ ਅਵਤਾਰ ?

ਭਾਰਤ ਵਰਸ਼ ਦੀ ਪੰਜ-ਦਰੀਆਵਾਂ ਦੀ ਧਰਤੀ—ਪੰਜਾਬ ਜਿਸਨੂੰ ਕਿ ਰਿਸ਼ੀਆਂ, ਮੁਨੀਆਂ, ਅਵਤਾਰਾਂ, ਭਗਤਾਂ ਤੇ ਸੂਫ਼ੀਆਂ ਦਾ ਪੰਘੂੜਾ ਕਿਹਾ ਜਾ ਸਕਦਾ ਹੈ, ਵਿਚ ਜਗਤ ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੱਤਕ ਸ਼ੁਦੀ ਪੂਰਨਮਾਸ਼ੀ ਸੰਮਤ ੧੫੨੬ ਬਿਃ (੧੪੬੯ ਈਃ) ਨੂੰ ਰਾਇ ਭੋਇ ਦੀ ਤਲਵੰਡੀ-ਮਹਿਤਾ ਕਾਲੂ ਜੀ ਦੇ ਘਰ, ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਅਵਤਾਰ ਧਾਰਿਆ। ਉਸ ਵਕਤ ਹਿੰਦੁਸਤਾਨ ਵਿਚ ਧਾਰਮਿਕ ਤੇ ਰਾਜਨੀਤਕ ਜੁਗ-ਗਰਦੀ ਮੱਚੀ ਹੋਈ ਸੀ। ਇਸਲਾਮ ਦੀ ਹਿੰਦੂ ਧਰਮ ਨਾਲ ਟੱਕਰ ਹੋ ਰਹੀ ਸੀ। ਝੂਠ, ਜ਼ੁਲਮ ਤੇ ਪਾਪ ਦੇ ਹਨੇਰੇ ਨੇ ਸੱਚ ਤੇ ਧਰਮ ਦੇ ਚੰਦ੍ਰਮਾਂ ਨੂੰ ਛੁਪਾਯਾ ਹੋਯਾ ਸੀ। ਅਜੇਹੇ ਭਿਆਨਕ ਅਤੇ ਡਾਵਾਂ-ਡੋਲ ਸਮੇਂ ਵਿਚ ਅਕਾਲ ਪੁਰਖ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ ਵਿਚ ਭੇਜਿਆ।

ਭਾਈ ਗੁਰਦਾਸ ਜੀ ਲਿਖਦੇ ਹਨਃ—

ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਂਹਿ ਪਠਾਯਾ।......<br>
ਕਲਜੁਗ ਬਾਬੇ ਤਾਰਿਆ, ਸਤਿਨਾਮ ਪੜ੍ਹ ਮੰਤ੍ਰ ਸੁਣਾਯਾ।<br>
ਕਲਿ ਤਾਰਨ ਗੁਰਨਾਨਕ ਆਯਾ।

ਅਗੇ ਲਿਖਦੇ ਹਨਃ—

ਸਤਿਗੁਰੁ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ।......<br>
ਬਾਬੇ ਤਾਰੇ ਚਾਰ ਚਕ ਨੌ ਖੰਡ ਪ੍ਰਿਥਮੀ ਸਚਾ ਢੋਆ।<br>
ਗੁਰਮੁਖ ਕਲਿ ਵਿਚ ਪ੍ਰਗਟ ਹੋਆ।

ਗੁਰੂ ਨਾਨਕ ਨਿਰੰਕਾਰੀ ਜੀ ਨੇ ਇਕ ਵਾਹਿਗੁਰੂ ਦੀ ਪੂਜਾ ਦੀ ਨੀਂਹ ਉਤੇ ਆਪਨੇ ਜੀਵਨ ਅਤੇ ਫ਼ਲਸਫ਼ੇ ਦਾ ਮਹੱਲ

ਉਸਾਰਿਆ ਹੈ ਤੇ ਪ੍ਰਮਾਤਮਾਂ ਦੀ ਸਿਫ਼ਤ ਵਿਚ ਇਹ **ਮੂਲਮੰਤ੍ਰ**
ਰਚਿਆ ਹੈ:-

ੴ ਸਤਿਨਾਮੁ ਕਰਤਾਪੁਰਖੁ ਨਿਰਭਉਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰਗੁਰਪ੍ਰਸਾਦਿ ।

ਜਦ ਹਿਮਾਲਾ ਪਰਬਤ ਉੱਤੇ ਗੁਰੂ ਜੀ ਦੀ ਸਿੱਧਾਂ ਨਾਲ ਗੋਸ਼ਟ ਹੋਈ, ਤੇ ਓਹਨਾਂ ਦੇ ਪੁਛਣ ਤੇ ਗੁਰੂ ਜੀ ਆਪਣਾ ਗੁਰੂ ਇਨ੍ਹਾਂ ਸ਼ਬਦਾਂ ਦਵਾਰਾ ਦਸਦੇ ਹਨ:-

ਏਕੰਕਾਰ ਗੁਰੂ ਸਿਰ ਮੇਰੇ, ਕਹੈ ਨਾਨਕ ਸੁਣ ਗੋਪੀ ਚੰਦਾ,
ਦਰਸਮਾਨ ਕੀਨੇ ਸਭ ਚੇਟੇ ।

ਜਦ ਕੰਧਾਰ ਵਿਚ ਇਕ ਮੁਸਲਮਾਨ ਫ਼ਕੀਰ ਅਲੀਯਾਰ ਨੇ ਪ੍ਰਸ਼ਨ ਕੀਤਾ:-

ਰਹਿਨੁਮਾਏ ਤੋ ਕੀਸਤ ? (ਤੁਹਾਡਾ ਗੁਰੂ ਕੌਣ ਹੈ ?)

ਗੁਰੂ ਜੀ ਨੇ ਫੁਰਮਾਇਆ:-

ਖੁਦਾਏ ਮਨ । ( ਮੇਰਾ ਖੁਦਾ )

ਮਨੁੱਖ ਨੂੰ ਨਿੰਮ੍ਰਤਾ, ਆਜਜ਼ੀ, ਸਾਂਝੀਵਾਲਤਾ, ਬਰਾਬਰੀ, ਕੁਰਬਾਨੀ, ਨਿਸ਼ਕਾਮ ਸੇਵਾ ਅਤੇ ਪ੍ਰੇਮ ਦਾ ਉਪਦੇਸ਼ ਕੀਤਾ ਹੈ:-

੧ ਸਭੇ ਸਾਂਝੀਵਾਲ ਸਦਾਇਨ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ
੨. ਏਕ ਪਿਤਾ ਏਕਸੁ ਕੇ ਹਮ ਬਾਰਿਕ ।
੩. ਕਰਮ ਕਰਤ ਹੋਵੈ ਨਿਹਕਰਮ ।
੪. ਆਪੁ ਗਵਾਈਐ ਤਾ ਸਹੁ ਪਾਈਐ ਅਉਰ ਕੈਸੀ ਚਤੁਰਾਈ ।
੫. ਜਉ ਤਉ ਪ੍ਰੇਮ ਖੇਲਣ ਕਾ ਚਾਉ । ਸਿਰੁ ਧਰਿ ਤਲੀ ਗਲੀ ਮੇਰੀ ਆਉ ।
੬. ਤਨੁ ਮਨੁ ਕਾਟਿ ਕਾਟਿ ਸਭੁ ਅਰਪੀ, ਵਿਚ ਅਗਨੀ ਆਪੁ ਜਲਾਈ ।

ਗੁਰੂ ਜੀ ਨੇ ਜ਼ਾਤ-ਪਾਤ, ਤੇ ਊਚ ਨੀਚ ਨੂੰ ਮਿਟਾਇਆ ਹੈ ।

ਮਨੁਖਾਂ ਨੂੰ ਭ੍ਰਾਤਰੀ ਭਾਵ ਦਾ ਸੰਦੇਸ਼ ਦਿਤਾ ਹੈ:-

(੧) ਨੀਚਾਂ ਅੰਦਰਿ ਨੀਚ ਜਾਤ ਨੀਚੀ ਹੂ ਅਤਿ ਨੀਚੁ ।
ਨਾਨਕ ਤਿਨਕੇ ਸੰਗਿ ਸਾਥਿ ਵਡਿਆਂ ਸਿਉ ਕਿਆ ਰੀਸ ।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

(੨) ਫਕੜ ਜਾਤੀ ਫਕੜ ਨਾਉ । ਸਭਨਾਂ ਜੀਆ ਇਕੋ ।

(੩) ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤ ਨ ਹੇ ।

ਜਦ ਮੱਕੇ ਜਾਕ ਹਾਜੀਆਂ ਨਾਲ ਗੁਰੂ ਜੀ ਦੀ ਚਰਚਾ ਹੋਈ ਤਦ ਗੁਰੂ ਜੀ ਨੇ ਓਹਨਾਂ ਨੂੰ ਵੀ ਜ਼ਾਤ-ਪਾਤ ਤੋਂ ਓਚਾ ਉਠਾ ਕੇ ਚੰਗੇ ਅਮਲ ਕਰਨ ਦਾ ਉਪਦੇਸ਼ ਕੀਤਾ । ਭਾਈ ਗੁਰਦਾਸ ਜੀ ਲਿਖਦੇ ਹਨ:-

ਪੁਛਨ ਗਲ ਈਮਾਨ ਦੀ ਕਾਜ਼ੀ ਮੁਲਾਂ ਇਕੱਠੇ ਹੋਈ ।
ਵਡਾ ਸਾਂਗ ਵਰਤਾਇਆ ਲਖ ਨਾ ਸਕੇ ਕੁਦਰਤ ਕੋਈ !
ਪੁਛਣ ਖੋਹਲ ਕਿਤਾਬ ਨੂੰ ਹਿੰਦੂ ਵਡਾ ਕਿ ਮੁਸਲਮਾਨੋਈ ।
ਬਾਬਾ ਆਖੈ ਹਾਜੀਆਂ ਸੁਭ ਅਮਲਾਂ ਬਾਝਹੁ ਦੋਵੇਂ ਰੋਈ ।

ਗੁਰੂ ਜੀ ਇਕ ਅਮਲੀ ਤੇ ਕਾਮਲ ਫ਼ਿਲਾਸਫ਼ਰ (Practical and Perfect Philosopher) ਸਨ ਡਾ: ਇਕਬਾਲ ਅਪਨੀ ਉਘੀ ਕਾਵ-ਰਚਿਨਾ 'ਬਾਂਗੇ ਦਰਆ' ਵਿਚ 'ਨਾਨਕ' ਦੇ ਸਿਰਲੇਖ ਹੇਠਾਂ, ਆਖ਼ਿਰ ਵਿਚ ਗੁਰੂ ਜੀ ਬਾਰੇ ਲਿਖਦਾ ਹੈ:-

'ਫਿਰ ਉਠੀ ਆਖ਼ਿਰ ਸਦਆ ਤੌਹੀਦ ਕੀ ਪੰਜਾਬ ਸੇ ।
ਹਿੰਦ ਕੋ ਇਕ ਮਰਦੇ ਕਾਮਿਲ ਨੇ ਜਗਾਯਾ ਖ਼ਵਾਬ ਸੇ ।

ਗੁਰੂ ਜੀ ਨੇ ਤਅੱਸਬ, ਵਹਿਮ, ਪਾਖੰਡ ਅਤੇ ਰਸਮੀਂ ਮਜ਼੍ਹਬ ਨੂੰ ਤੋੜਨ ਦਾ ਪੂਰਾ ਪੂਰਾ ਯਤਨ ਕੀਤਾ ਹੈ । ਦੁਨੀਆਂ ਨੂੰ ਭੇਖੀ ਤੇ ਰਸਮੀ ਮਜ਼੍ਹਬਾਂ ਦੀ ਹਨੇਰ ਕੋਠੜੀ ' ਚੋਂ ਕਢ ਕੇ ਸੁਚੇ ਤੇ ਸੱਚੇ ਧਰਮ ਦੀ ਨੂਰਾਨੀ ਛੱਤ ਤੇ ਲਿਆਂਦਾ ਹੈ। ਮਨੁਖ ਜਾਤੀ ਦੇ ਸਾਹਮਣੇ ਨਵੀਂ ਸਮਾਜ-ਰਚਨਾ ਦਾ ਉੱਚਾ ਤੇ ਸੁੱਚਾ ਆਦਰਸ਼ ਅਤੇ ਜੀਵਨ ਦਾ ਅਮਲੀ ਫ਼ਲਸਫ਼ਾ ਪੇਸ਼ ਕੀਤਾ ਹੈ । ਮਨ ਅਤੇ

ਹਿਰਦੇ ਦੀ ਸਫ਼ਾਈ ਤੇ ਜ਼ੋਰ ਦਿਤਾ ਹੈ। ਗੁਰੂ ਨਾਨਕ ਦੇ ਮਜ਼ਬ ਵਿਚ ਬਾਹਿਰਲੇ ਤੇ ਓਪਰਲੇ ਪਹਿਰਾਵਿਆਂ ਤੇ ਭੇਖਾਂ ਵਾਸਤੇ ਕੋਈ ਜਗ੍ਹਾ ਨਹੀਂ। ਆਪ ਨੇ ਫੁਰਮਾਇਆ ਹੈ:-

( ੧ ) ਸਚੁ ਤਾ ਪਰ ਜਾਣੀਐ ਜਾ ਰਿਦੈ ਸਚਾ ਹੋਇ :

( ੨ ) ਜਿਨ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ।

ਦੁਨੀਆਂ ਨੂੰ ਜਿਤਨ ਤੋਂ ਪਹਿਲਾਂ ਆਪਨੇ ਮਨ ਨੂੰ ਜਿੱਤਨ ਦਾ ਉਪਦੇਸ਼ ਕੀਤਾ ਹੈ:-- "ਮਨਿ ਜੀਤੈ ਜਗੁ ਜੀਤੁ"

ਜਿਸਤਰਾਂ ਕਿ ਇਕ ਮੁਸਲਮਾਨ ਸੂਫ਼ੀ ਨੇ ਵੀ ਕਿਹਾ ਹੈ:--

ਦਿਲ ਬਦੱਸਤ ਆਵਰ ਕਿ ਹੱਜੇ ਅਕਬਰ ਅਸਤ।
ਅਜ਼ ਹਜ਼ਾਰਾਂ ਕਾਹਬਾ ਯਕ ਦਿਲ ਬਿਹਤਰ ਅਸਤ।

ਪਾਪਾਂ ਭਰੀ ਇਨਸਾਨੀ ਬੁਧ ਨੂੰ 'ਨਾਮ' ਦੇ ਅੰਮ੍ਰਿਤ ਨਾਲ ਧੋਣ ਦਾ ਸਾਧਣ ਦਸਿਆ ਹੈ:-

ਭਰੀਐ ਮਤਿ ਪਾਪਾ ਕੈ ਸੰਗਿ। ਓਹ ਧੋਪੈ ਨਾਵੈ ਕੈ ਰੰਗਿ।

ਜਿਸ ਪੁਰਸ਼ ਨੇ ਮਨ ਨੂੰ ਜਿੱਤ ਲਿਆ, ਉਸਨੇ ਜਗਤ ਨੂੰ ਜਿੱਤ ਲਿਆ। ਗੁਰੂ ਜੀ ਐਸੇ ਪੁਰਸ਼ ਨੂੰ ਸੂਰਮਾ ਤੇ ਬਹਾਦਰ ਆਖਦੇ ਹਨ:--

( ੧ ) ਨਾਨਕ ਸੋ ਸੂਰਾ ਵਰਿਆਮੁ, ਜਿਨਿ ਵਿਚਹੁ ਦੁਸਟੁ
ਅਹੰਕਰਣੁ ਮਾਰਿਆ।

(੨) ਜਾਕੋ ਹਰਿ ਰੰਗ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ
ਆਤਮ ਜਿਣੈ ਸਗਲ ਵਸਿ ਤਾਕੈ ਜਾਕਾ ਸਤਗੁਰ ਪੂਰਾ।

ਭਾਈ ਨੰਦ ਲਾਲ ਜੀ ਵੀ ਕਹਿੰਦੇ ਹਨ:--

ਕੀਸਤ ਗੋਯਾ ਕੇ ਮੁਰਾਦੇ ਦਿਲ ਨ ਯਾਫ਼ਤ।
ਹਰ ਕਸੇ ਬਾ ਨਫ਼ਸਿ ਖ਼ੁਦ ਕਰਦੋ ਗਜ਼ਬ।

ਮਨ ਨੂੰ ਜਿੱਤਣ ਤੋਂ ਪਹਿਲਾਂ ਨੀਅਤ ਰਾਸ ਕਰਨੀ ਜ਼ਰੂਰੀ ਦਸੀ ਹੈ। ਜਦ ਗੁਰੂ ਜੀ ਦੀ ਚਰਚਾ ਮੀਆਂ ਮਿਠੇ ਨਾਲ ਹੋਈ ਤਾਂ ਉਸਨੇ ਕਿਹਾ.--

ਇਕੋ ਨਾਮ ਖ਼ੁਦਾਇ ਦਾ, ਦੂਜਾ ਨਬੀ ਰਸੂਲ।
ਨਾਨਕ ਕਲਮਾ ਜੇ ਪੜਹਿ, ਦਰਗਹਿ ਪਵਹਿ ਕਬੂਲ।

ਗੁਰੂ ਜੀ ਨੇ ਉਤਰ ਦਿਤਾ:-

ਅਵਲ ਨਾਮ ਖ਼ੁਦਾਇ ਦਾ, ਦਰ ਦ੍ਰਰਵਾਨ ਰਸੂਲ।
ਸ਼ੇਖਾ ਨੀਯਤ ਰਾਸ ਕਰ, ਦਰਗਹ ਪਵਹਿ ਕਬੂਲ।

ਹੋਰ ਜਗ੍ਹਾ ਗੁਰੂ ਜੀ ਫੁਰਮਾਉਂਦੇ ਹਨ:-

'ਨਾਨਕ ਘਰ ਹੀ ਬੈਠਿਆ ਸਹੁ ਮਿਲੈ, ਜੇ ਨੀਅਤ ਰਾਸਿ ਕਰੇ।

ਗੁਰੂ ਜੀ ਨੇ ਦੇਵਤੇ ਤੇ ਫਰਿਸ਼ਤਿਆਂ ਦੀ ਪੂਜਾ ਨੂੰ ਖੰਡਨ ਕੀਤਾ ਹੈ ਤੇ ਫੁਰਮਾਇਆ ਹੈ ਕਿ ਸਭ ਛੋਟੀਆਂ ਤਾਕਤਾਂ ਇਕ ਵਡੀ ਤਾਕਤ ਦੀਆਂ ਬਨਾਈਆਂ ਹੋਈਆਂ ਹਨ ਅਤੇ ਉਸਦੇ ਡਰ ਹੇਠ ਕੰਮ ਕਰ ਰਹੀਆਂ ਹਨ, ਫ਼ੁਰਮਾਉਂਦੇ ਹਨ:-

ਭੈ ਵਿਚਿ ਪਵਣ ਵਹੈ ਸਦ ਵਾਉ।
ਭੈ ਵਿਚਿ ਚਲਹਿ ਲਖ ਦਰੀਆਉ।..........
ਨਾਨਕ ਨਿਰਭਉ ਨਿਰੰਕਾਰ ਸਚੁ ਏਕੁ।

ਸ੍ਰੀ ਅਕਾਲ ਪੁਰਖ ਵਾਹਿਗੁਰੂ ਨੂੰ "ਆਦ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।" ਵਰਨਣ ਕੀਤਾ ਹੈ। ਵਾਹਿਗੁਰੂ ਨੂੰ ਸਰਬ ਵਿਆਪਕ ਦਰਸਾਯਾ ਹੈ, ਫ਼ੁਰਮਾਉਂਦੇ ਹਨ:-

( ੧ ) ਸਰਬ ਭੂਤ ਆਪਿ ਵਰਤਾਰਾ।
ਸਰਬ ਨੈਨ ਆਪਿ ਪੇਖਨਹਾਰਾ।

(੨) ਸਗਲ ਬਨਸਪਤ ਮਹਿ ਬੈਸੰਤਰੁ, ਸਗਲ ਦੂਧ ਮਹਿ ਘੀਆ।
ਊਚ ਨੀਚ ਮਹਿ ਜੋਤਿ ਸਮਾਣੀ, ਘਟਿ ਘਟਿ ਮਾਧਉ ਜੀਆ।

ਹੋਰ ਇਹ ਵੀ ਫੁਰਮਾਉਂਦੇ ਹਨ:-'ਮਨੁ ਤੂੰ ਜੋਤਿ ਸਰੂਪ ਹੈਂ ਅਪਨਾ ਮੂਲ ਪਛਾਣ।' ਗੁਰੂ ਜੀ ਨੇ ਪ੍ਰਮਾਤਮਾ ਨੂੰ ਮਿਲਨ (ਜੋਤ ਵਿਚ ਜੋਤ ਦਾ ਜਾ ਰਲਨਾ) ਹੀ ਇਨਸਾਨੀ ਜ਼ਿੰਦਗੀ ਦਾ ਉਚਾ ਨਿਸ਼ਾਨਾ ਦਸਿਆ ਹੈ। ਗੁਰੂ ਨਾਨਕ ਦੇ ਮਜ਼ਬ ਵਿਚ ਚੰਗੇ ਕਰਮ ਕਰਕੇ ਸੁਵਰਗ ਜਾਣ ਦੀ ਚਾਹ ਰਖਣ ਵਾਲਿਆਂ ਵਾਸਤੇ ਕੋਈ ਥਾਂ

ਨਹੀਂ । ਇਹ ਗੁਰਸਿਖ ਵਾਸਤੇ ਇਕ ਮਾਮੂਲੀ ਗਲ ਹੈ। ਇਨਸਾਨ ਦੀ ਅਸਲੀ ਮਨਜ਼ਿਲ ਉਸ ਜੋਤ ਵਿਚ ਲੀਨ ਹੋਣਾ ਹੈ ਜਿਸ ਜੋਤ ਵਿਚੋਂ ਇਹ ਰੂਹ ਵੱਖਰੀ ਹੋ ਕੇ ਆਈ ਹੈ ।

ਗੁਰੂ ਜੀ ਫ਼ੁਰਮਾਉਂਦੇ ਹਨਃ--

੧. ਨਾਨਕ ਲੀਨਿ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ।

੨. ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨ ।

੩. ਜਿਉ ਜਲ ਮਹਿ ਜਲੁ ਆਇ ਖਟਾਨਾ ।
ਤਿਉ ਜੋਤੀ ਸੰਗ ਜੋਤਿ ਸਮਾਨਾ ।

ਗੁਰੂ ਜੀ ਨੇ ਪਰਮਾਤਮਾ ਨੂੰ ਮਿਲਣ ਦੇ ਅਜਿਹੇ ਤਰੀਕੇ ਜਿਹੜੇ ਕਿ ਜੋਗੀਆਂ, ਸਨਆਸੀਆਂ, ਨੰਗੇ ਤੇ ਭੁਖੇ ਰਹਿਨ ਵਾਲਿਆਂ, ਜੰਗਲਾਂ ਨੂੰ ਚਲੇ ਜਾਣ ਵਾਲਿਆਂ ਤੇ ਮੋਨ ਧਾਰਨ ਵਾਲਿਆਂ ਨੇ ਪ੍ਰਚਾਰੇ ਹਨ ਉਹਨਾਂ ਨੂੰ ਖੰਡਨ ਕੀਤਾ ਹੈ । ਬਾਣੀ ਵਿਚ ਫਰਮਾਯਾ ਹੈ–

(੧) ਕਾਹੇ ਰੇ ਬਨ ਖੋਜਨ ਜਾਈ,
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਹੀ ।

(੨) ਬਹੁ ਤੀਰਥ ਭਵਿਆ ਤੇਤੋ ਲਵਿਆ ।

(੩) ਅੰਨੁ ਨ ਖਾਇਆ ਸਾਦੁ ਗਵਾਇਆ ।

(੪) ਬਸਤ੍ਰ ਨ ਪਹਿਰੈ ਅਹਿਨਿਸਿ ਕਹਰੈ ।

(੫) ਮੋਨਿ ਵਿਗੂਤਾ ਕਿਉ ਜਾਗੈ ਗੁਰ ਬਿਨੁ ਸੂਤਾ।

ਗ੍ਰਿਹਿਸਤ ਵਿਚ ਰਹਿ ਕੇ ਦੁਨੀਆਂ ਦੇ ਕਾਰ ਵਿਹਾਰ ਕਰਦਿਆਂ ਹੋਯਾਂ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਤੇ ਕਾਬੂ ਪਾਉਣਾ ਹੀ ਸਭ ਤੋਂ ਉਚਾ ਧਰਮ ਦਸਿਆ ਹੈ। ਗੁਰੂ ਜੀ ਨੇ ਸਮਾਜ ਆਦਰਸ਼ਕ ਉਨਤੀ ਲਈ ਤਿੰਨ ਸਾਧਨ ਦਸੇ ਹਨ। ੧. ਨਾਮ ਜਪਣਾ, ਆਤਮਿਕ ਉਨਤੀ ਲਈ ੨. ਵੰਡ ਛਕਣਾ, ਸਮਾਜ ਦੇ ਭਲੇ ਲਈ ਤੇ ਸੇਵਾ ਲਈ (੩) ਕਿਰਤ ਕਰਨੀ, ਸ਼ਖਸੀ ਉਦਮ ਹੈ। ਸਿਖ ਧਰਮ ਵਿਚ ਬੇਕਾਰ ਅਤੇ ਮੰਗਤਿਆਂ ਲਈ ਕੋਈ ਜਗ੍ਹਾ ਨਹੀਂ ।

ਸਤਿ ਗੁਰੂ ਜੀ ਨੇ ਫ਼ਰਮਾਇਆ ਹੈ--

(੧) ਘਟ ਘਾਲ ਕਿਛ ਹਥਹੁ ਦੇਇ।
ਨਾਨਕ ਰਾਹ ਪਛਾਨਿਹ ਸੇਇ।

(੨) ਨਾਨਕ ਅਗੈ ਸੋ ਮਿਲੈ
ਜਿ ਖਟੇ ਘਾਲੇ ਦੇਇ।

ਹਿੰਦੁਸਤਾਨ ਵਿਚ ਇਕ ਪੁਰਾਣਾ ਖਿਆਲ ਇਹ ਭੀ ਸੀ ਕਿ ਗ੍ਰਿਹਸਤੀ ਹੋਕੇ ਕੋਈ ਆਦਮੀ ਰੂਹਾਨੀ ਉਪਦੇਸ਼ ਨਹੀਂ ਕਰ ਸਕਦਾ। ਇਸ ਗੱਲ ਦੀ ਬਨਾ ਤੇ ਸਿਧਾਂ ਤੇ ਜੋਗੀਆਂ ਨੇ ਅਪਨੀ ਚਰਚਾ ਵਿਚ ਗੁਰੂ ਜੀ ਨੂੰ ਤਿਆਗ ਅਤੇ ਸੰਨਿਆਸ ਦੁਧ ਅਤੇ ਗ੍ਰਿਹਸਤ ਕਾਂਜੀ ਦਸੀ। ਗੁਰੂ ਜੀ ਨੇ ਇਹ ਸੁਣ ਕੇ ਉਤ੍ਰ ਦਿਤਾ--

'ਹੋਇ ਅਤੀਤ ਗ੍ਰਿਹਸਤ ਤਜ ਉਨਹੂ ਕੇ ਘਰ ਮੰਗਣ ਜਾਈ'। ਦੁਨੀਆਂ ਦੀ ਤਾਰੀਖ ਵਿਚ ਸਿਰਫ ਭਾਰਤ ਵਿਚ ਹੀ ਨਹੀਂ ਬਲਕਿ ਹੋਰ ਕਈ ਦੇਸਾਂ ਵਿਚ ਵੀ ਮਜ਼ਬਾਂ ਦੇ ਆਗੂਆਂ ਨੇ ਇਸਤ੍ਰੀ ਨੂੰ ਹੀਣੀ ਜਾਤ ਕਰਕੇ ਸਦਿਆ ਹੈ ਤੇ ਕਈਆਂ ਨੇ ਏਸ ਨੂੰ ਮਨੁਖ ਜਾਤ ਦੇ ਬਰਾਬਰ ਦਰਜਾ ਦੇਣ ਤੋਂ ਸਾਫ ਇਨਕਾਰ ਕੀਤਾ ਹੈ। ਕਈਆਂ ਦਾ ਇਹ ਖਿਆਲ ਹੈ ਕਿ ਇਸਤ੍ਰੀ,ਮਨੁਖ ਦੀ ਆਤਮਿਕ ਤਰੱਕੀ ਵਿਚ ਰੋੜਾ ਅਟਕਾਉਂਦੀ ਹੈ। ਪਰ ਉਹ ਲੋਕ ਇਕ ਪਹਾੜ ਜੇਡੀ ਭੁਲ ਕਰਦੇ ਹਨ। ਉਹ ਇਹ ਨਹੀਂ ਸਮਝਦੇ ਕਿ ਇਨਸਾਨ ਜਿਹੜਾ ਕਿ ਕੁਦਰਿਤ ਦੀ ਪੈਦਾਇਸ਼ ਦਾ ਇਕ ਕੇਂਦਰ (Nucleus) ਹੈ ਉਸ ਦੇ ਦੋ ਹਿਸੇ ਹਨ,ਇਕ ਪੁਰਸ਼ ਤੇ ਦੂਜਾ ਇਸਤ੍ਰੀ। ਇਸਤ੍ਰੀ ਤੋਂ ਬਿਨਾਂ ਪੁਰਸ਼ ਪੈਦਾ ਹੀ ਕਿਸ ਤਰ੍ਹਾਂ ਹੋ ਸਕਦਾ ਹੈ? ਇਸਤ੍ਰੀ ਦੁਨੀਆਂ ਦੇ ਸਮਾਜਾਂ ਦੀ ਜੜ੍ਹ ਹੈ। ਇਹ ਇਨਸਾਨੀ ਨਸਲਾਂ ਦੀ ਉਨਤੀ ਅਤੇ ਗਿਰਾਵਟ ਦਾ ਕਾਰਨ ਹੈ ਸ੍ਰੀ ਗੁਰੂ ਨਾਨਕ ਦੇਵ ਦੇ ਸਮੇਂ ਇਸਤ੍ਰੀ ਨੂੰ ਨੀਵਾਂ ਸਮਝਿਆ ਜਾਂਦਾ ਸੀ। ਗੁਰੂ ਜੀ ਨੇ ਇਸ ਵਿਰੁਧ ਅਵਾਜ਼ ਉਠਾਈ

ਆਪ ਨੇ ਫ਼ਰਮਾਇਆ -

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ........
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ...........
ਨਾਨਕ ਭੰਡੇ ਬਾਹਰਾ ਏਕੋ ਸਚਾ ਸੋਇ ।

ਕਿਸੇ ਨੇ ਠੀਕ ਕਿਹਾ ਹੈ-

"Great men had great mothers"

(ਵਡੇ ਪੁਰਸ਼ਾਂ ਦੀਆਂ ਵਡੀਆਂ ਮਾਤਾਵਾਂ ਹੁੰਦੀਆਂ ਹਨ)

ਗੁਰੂ ਜੀ ਨੇ ਸਤੀ ਦੀ ਰਸਮ ਦਾ ਵੀ ਖੰਡਨ ਕੀਤਾ-

ਸਤੀਆ ਇਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ।
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ।

ਗੁਰੂ ਜੀ ਨੇ ਸੱਚ ਦੇ ਮੋਤੀ ਨੂੰ ਹਰ ਰਸਮੀ ਪਰਦੇ (Cloak of formality) ਤੋਂ ਬਾਹਰ ਲਿਆਂਦਾ ਹੈ। ਜਦ ਬ੍ਰਾਹਮਣਾਂ ਅਤੇ ਪੰਡਤਾਂ ਨੇ ਗੁਰੂ ਜੀ ਨਾਲ 'ਅਹਿੰਸਾ ਪਰਮੋ ਧਰਮਾ' ਤੇ ਚਰਚਾ ਕੀਤੀ ਤਾਂ ਗੁਰੂ ਜੀ ਨੇ ਉਤਰ ਦਿਤਾ:-

(੧) ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ.........
ਮਾਸਹੁ ਹੀ ਮਾਸੁ ਉਪਜੈ ਮਾਸਹੁ ਸਭੋ ਸਾਕੁ ।
(੨) ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ...
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ।
(੩) ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ।

ਹਲਾਲ ਜਾਂ ਹਰਾਮ ਦੇ ਮਸਲੇ ਤੇ ਗੁਰੂ ਜੀ ਇਓਂ ਫਰਮਾਉਂਦੇ ਹਨ:-

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ।
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ।
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ।
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ।

ਗੁਰੂ ਜੀ ਨੇ ਮਨੁੱਖ ਨੂੰ ਛੋਟੇ ੨ ਬੰਧਨਾਂ ਵਿਚ ਨਹੀਂ ਬੱਧਾ ਸਗੋਂ ਬੜੇ ਉਚੇ ਅਥਿਰ ਤੇ ਸਾਰੀ ਦੁਨੀਆਂ ਦੇ ਪੁਰਸ਼ਾਂ ਤੇ ਲਾਗੂ ਹੋਣ ਵਾਲੇ ਅਸੂਲ (Eternal and Universal Principles) ਦਸੇ ਹਨ। ਮਿਸਾਲ ਦੇ ਤੌਰ ਤੇ ਖਾਨ-ਪੀਨ ਅਤੇ ਪਹਿਰਾਵੇ ਦੀ ਬਾਬਤ ਗੁਰੂ ਜੀ ਫਰਮਾਉਂਦੇ ਹਨ–

(੧) ਬਾਬਾ ਹੋਰ ਖਾਣਾ ਖੁਸ਼ੀ ਖੁਆਰੁ ।
ਜਿਤੁ ਖਾਧੇ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ।

(੨) ਬਾਬਾ ਹੋਰੁ ਪੈਨਣ ਖੁਸ਼ੀ ਖੁਆਰ ।
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ

ਇਹ ਅਸੂਲ ਦੁਨੀਆਂ ਦੇ ਹਰ ਇਨਸਾਨ ਉਤੇ, ਹਰ ਦੇਸ ਅਤੇ ਹਰ ਵਕਤ ਅਨੁਸਾਰ ਲਾਗੂ ਹਨ। ਕਿਉਂਕਿ ਮਨੁੱਖ ਦੀ ਖੁਰਾਕ ਤੇ ਲਿਬਾਸ ਦਾ ਉਸਦੇ ਜਿਸਮ ਅਤੇ ਰੂਹ (Soul) ਤੇ ਬੜਾ ਗਹਿਰਾ ਅਸਰ ਪੈਂਦਾ ਹੈ। ਜਿਸ ਤਰ੍ਹਾਂ ਕਿ ਕਿਸੇ ਸਾਂਇਸਦਾਨ (Scientist) ਨੇ ਕਿਹਾ ਹੈ "Tell me what you eat I shall tell you what you are" (ਮੈਨੂੰ ਤੁਸੀਂ ਦਸੋ ਕਿ ਤੁਸੀਂ ਕੀ ਖਾਂਦੇ ਹੋ, ਤੇ, ਮੈਂ ਤੁਹਾਨੂੰ ਦਸਾਂਗਾ ਕਿ ਤੁਸੀਂ ਕੀ ਹੋ?) ਗੁਰੂ ਜੀ ਨੇ ਉਚੇ ਤੇ ਖੁਲ੍ਹੇ ਸ਼ਬਦਾਂ ਦਵਾਰਾ ਫੁਰਮਾਯਾ ਹੈ ਕਿ ਉਹ ਖਾਣਾਂ ਨਾ ਖਾਓ ਅਤੇ ਉਹ ਲਿਬਾਸ ਨਾ ਪਹਿਨੋਂ ਜਿਹੜਾ ਤੁਹਾਨੂੰ ਵਿਸ਼ੇ ਵਿਕਾਰਾਂ ਲਈ ਪ੍ਰੇਰੇ ਤੇ ਤੁਹਾਡੇ ਜਿਸਮ ਨੂੰ ਦੁਖ ਦੇਵੇ। ਗੁਰੂ ਨਾਨਕ ਦੇ ਧਰਮ ਦੇ ਅਸੂਲਾਂ ਚੋਂ ਇਕ ਵਡਾ ਅਸੂਲ ਜੀਆਂ ਤੇ ਦਇਆ ਕਰਨੀ ਵੀ ਹੈ। ਫੁਰਮਾਂਉਂਦੇ ਹਨ:–

(੧) ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪ੍ਰਵਾਨ ।

੨) ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨ ਕਰੇਇ ।

ਗੁਰੂ ਜੀ ਕੇਵਲ ਇਕ 'ਨਾਨਕ' ਹੀ ਨਹੀਂ ਸਨ ਪ੍ਰੰਤੂ 'ਨਿਰੰਕਾਰੀ' ਵੀ ਸਨ। ਆਪ ਦੀ ਜੋਤ ਪਹਿਲੀ ਪਾਤਸ਼ਾਹੀ ਨਾਨਕ ਤੋਂ ਲੈਕੇ

ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਤਕ ਲਗਾਤਾਰ ਦਸਾਂ ਪਾਤਸ਼ਾਹੀਆਂ ਵਿਚ ਆਈ ਹੈ। ਫ਼ਾਨੀ 'ਦੁਬਿਸਤ ਨੇ ਮਜ਼ਾਹਬ' ਵਿਚ ਲਿਖਦਾ ਹੈ ਕਿ "ਅਕੀਦਾ ਆਂ ਅਸਤ ਕਿ ਗੁਰੂ ਹਾਏ ਹਮਾ ਨਾਨਕ ਅੰਦ" (ਸਿਖਾਂ ਦਾ ਨਿਸਚਾ ਹੈ ਕਿ ਉਨ੍ਹਾਂ ਦੇ ਸਾਰੇ ਗੁਰੂ ਨਾਨਕ ਹੀ ਹਨ ) ਸਮੇਂ ਅਨੁਸਾਰ ਗੁਰੂ ਜੀ ਨੇ ਵਖਰੇ ਵਖਰੇ ਜਾਮੇ ਵਿਚ ਅਵਤਾਰ ਧਾਰ ਕੇ ਮਨੁਖ ਨੂੰ ਰੂਹਾਨੀ, ਸਮਾਜੀ ਤੇ ਸਿਆਸੀ ਤੌਰ ਤੇ ਸੁਧਾਰਿਆ ਹੈ। ਗੁਰੂ ਜੀ ਦੀ ਜ਼ਿਦਗੀ ਦੇ ਹਾਲਾਤ ਤੇ ਅਲਾਹੀ ਬਾਣੀ ਤੋਂ ਏਹੋ ਹੀ ਪਤੀਤ ਹੁੰਦਾ ਹੈ ਕਿ ਆਪ ਜੀ ਦਾ ਮਿਸ਼ਨ ਹਿੰਦੂ ਨੂੰ ਇਕ ਚੰਗਾ ਹਿੰਦੂ, ਮੁਸਲ ਮਾਨ ਨੂੰ ਇਕ ਚੰਗਾ ਮੁਸਲਮਾਨ ਅਤੇ ਮਨੁੱਖ ਨੂੰ ਇਕ ਚੰਗਾ ਮਨੁਖ ਬਨਾਉਨਾ ਸੀ। ਗੁਰੂ ਜੀ ਪੰਡਿਤ ਨੂੰ ਅਸਲੀ ਪੰਡਿਤ ਬਨਣਾ ਤੇ ਕਾਜ਼ੀ ਨੂੰ ਇਕ ਅਸਲੀ ਮੁਸਲਮਾਨ ਬਨਣਾਂ ਏਹਨਾਂ ਸ਼ਬਦਾਂ ਰਾਹੀਂ ਦਸਦੇ ਹਨ:–

(੧) ਸੋ ਪੰਡਿਤੁ ਜੋ ਮਨੁ ਪਰਬੋਧੈ। ਰਾਮ ਨਾਮੁ ਆਤਮ ਮਹਿ ਸੋਧੈ...
ਬੇਦ ਪੁਰਾਨ ਸਿਮ੍ਰਿਤ ਬੂਝੈ ਮੂਲੁ। ਸੂਖਮ ਮਹਿ ਜਾਨੈ ਅਸਥੂਲੁ।
ਚਹੁ ਵਰਨਾ ਕਉ ਦੇ ਉਪਦੇਸੁ। ਨਾਨਕ ਉਸੁ ਪੰਡਿਤ ਕਉ
ਸਦਾ ਅਦੇਸੁ॥

(੨) ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣ।
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ।
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।

ਏਹੋ ਹੀ ਵਜ੍ਹਾ ਸੀ ਕਿ ਉਸ ਨਾਜ਼ਕ ਜ਼ਮਾਨੇ ਵਿਚ ਜਦੋਂ ਕਿ ਹਿੰਦੁਸਤਾਨ ਨਹੀਂ ਬਲਕਿ ਦੁਨੀਆਂ ਦੇ ਦੋ ਵਡੇ ਮਜ਼੍ਹਬਾਂ ਹਿੰਦੂ ਅਤੇ ਇਸਲਾਮ ਦੇ ਪੈਰੋਕਾਰਾਂ ਵਿਚ ਏਨੀ ਦੁਸ਼ਮਨੀ ਸੀ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਏਹਨਾਂ ਸਾਰਿਆਂ ਨੇ ਸਾਂਝਾ ਅਪਨਾਯਾ। ਇਹ ਰੁਤਬਾ ਦੁਨੀਆਂ ਦੀ ਤਾਰੀਖ ਵਿਚ ਸਿਰਫ ਗੁਰੂ ਨਾਨਕ ਨੂੰ

ਹੀ ਹਾਸਲ ਹੈ। ਗੁਰੂ ਜੀ ਦੇ ਦੋ ਜੀਵਨ ਸਾਥੀ ਭਾਈ ਬਾਲਾ (ਹਿੰਦੂ) ਤੇ ਮਰਦਾਨਾ (ਮੁਸਲਮਾਨ) ਵੀ ਇਸ ਗਲ ਦਾ ਇਕ ਵਡਾ ਸਬੂਤ ਹਨ ।

ਦੁਨੀਆਂ ਵਿਚ ਹਰ ਸਮੇਂ ਅਨੁਸਾਰ ਅਤੇ ਤਕਰੀਬਨ ਹਰ ਦੇਸ਼ ਵਿਚ ਅਵਤਾਰ ਤੇ ਪੈਗ਼ੰਮਬਰ ਹੋਏ ਹਨ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਏਹਨਾਂ ਅਵਤਾਰਾਂ ਤੇ ਪੈਗੰਮਬਰਾਂ ਦੀ ਲੜੀ ਵਿਚ ਇਕ ਬੇਨਜ਼ੀਰ ਤੇ ਅਮੁਲੇ ਮੋਤੀ ਹਨ। ਏਸ ਦੀਆਂ ਕਈ ਵਜ੍ਹਾ ਹਨ ਜਿਹੜੀਆਂ ਕਿ ਸੰਖੇਪ ਨਾਲ ਹੇਠਾਂ ਲਿਖੀਆਂ ਜਾਂਦੀਆਂ ਹਨਃ-

(੧) ਗੁਰੂ ਜੀ ਦੀ ਵਹਿਦਾਨੀਅਤ ਦੀ ਤਾਲੀਮ:-

ਗੁਰੂ ਜੀ ਇਕ ਅਕਾਲ ਪੁਰਖ ਨੂੰ ਹੀ ਸ੍ਰਿਸਟੀ ਦਾ ਕਰਨਹਾਰ, ਮਾਲਕ, ਸਰਬ ਸ਼ਕਤੀਮਾਨ ਤੇ ਆਪਨਾ ਗੁਰੂ ਸਮਝਦੇ ਹਨ ।

(ੳ) ੧ ਓ..........

(ਅ) ਏਕੰਕਾਰ ਗੁਰੂ ਸਿਰ ਮੇਰੇ..........

(੨) ਗੁਰੂ ਜੀ ਦੀ ਸ੍ਰਬ ਸਾਂਝੀ ਤਾਲੀਮ ਤੇ ਜ਼ਾਤ-ਪਾਤ ਦਾ ਨਾਸ।

ਫ਼ਰਮਾਉਂਦੇ ਹਨਃ-

ਖਤ੍ਰੀ ਬ੍ਰਾਹਮਨ ਸੂਦ ਵੈਸੁ ਉਪਦੇਸੁ ਚਹੁ ਵਰਨਾ ਕਉ ਸਾਂਝਾ।

(੩) ਗੁਰੂ ਜੀ ਦੀ ਅਮਲੀ ਫ਼ਿਲਾਸਫ਼ੀਃ-

ਆਪ ਇਕ ਖਿਆਲੀ ਫ਼ਿਲਾਸਫ਼ਰ ਨਹੀਂ ਸਨ ਬਲਕਿ ਇਕ ਅਮਲੀ ਫ਼ਿਲਾਸਫ਼ਰ ਸਨ। ਜੋ ਕੁਝ ਕਿਹਾ ਹੈ ਉਸ ਨੂੰ ਅਮਲੀ ਜਾਮਾ ਪਹਿਨਾਇਆ ਹੈ। ਫਰਮਾਯਾ ਹੈਃ-

ਸਚੁ ਤਾ ਪਰ ਜਾਣੀਐ ਜੇ ਜੁਗਤ ਜਾਣੇ ਜੀਓ।

ਗੁਰੂ ਜੀ ਨੇ ਜਿਥੇ ਸੁਲਹਾ ਤੇ ਸ਼ਾਂਤੀ ਦਾ ਪ੍ਰਚਾਰ ਕੀਤਾ ਹੈ ਉਥੇ ਇਕ ਅਮਲੀ ਫਿਲਾਸਫਰ ਹੋਣ ਦੀ ਹੈਸੀਅਤ ਵਿਚ ਉਸ ਮੂਰਖ ਨੂੰ ਜਿਹੜਾ ਕਿ ਇਹਨਾਂ ਤਰੀਕਿਆਂ ਨੂੰ ਨਾ ਸਮਝੇ ਤੇ ਸਿਧੇ ਰਾਹ ਨਾ ਆਵੇ ਉਸਨੂੰ ਸਚੇ ਰਾਹ ਤੇ ਲਿਆਉਨ ਵਾਸਤੇ ਇਓਂ

ਫਰਮਾਉਂਦੇ ਹ:- ਮੂਰਖ ਗੰਢੁ ਪਵੈ ਮੁਹਿ ਮਾਰ ।

੪) ਗੁਰੂ ਜੀ ਦੀ ਸੇਵਾ, ਨਿੰਮ੍ਰਤਾ ਤੇ ਆਜਜ਼ੀ ਦੀ ਸਪਿਰਟ, ਫਰਮਾਉਂਦੇ ਹਨ:—

(ੳ ਵਿਚ ਦੁਨੀਆਂ ਸੇਵ ਕਮਾਈਐ, ਤਾਂ ਦਰਗਹ ਬੈਸਣੁ ਪਾਈਏ।

(ਅ) ਹਸਤੀ ਸਿਰਿ ਜਿਉ ਅੰਕਸੁ ਆਹਰਣ ਜਿਉ ਸਿਰੁ ਦੇਇ।
ਮਨੁ ਤਨੁ ਆਗੇ ਰਖਿ ਕੈ ਊਭੀ ਸੇਵ ਕਰੇਇ ।

ਇਕ ਅਵਤਾਰ ਹੋਣ ਦੀ ਹੈਸੀਅਤ ਵਿਚ ਵੀ ਗੁਰੂ ਜੀ ਅਪਨੇ ਆਪਨੂੰ ਇਕ ਨੀਚ, ਦਾਸ ਤੇ ਹਰਾਮਖੋਰ ਆਖਦੇ ਹਨ । ਇਹ ਗੁਰੂ ਨਾਨਕ ਹੀ ਹੈ ਜਿਸਨੇ 'ਮੈਂ' ਤੇ 'ਮੇਰਾ' ਨੂੰ 'ਤੂੰ' ਤੇ 'ਤੇਰਾ' ਵਿਚ ਬਦਲਿਆ ਹੈ । ਆਪਨੇ ਆਪ ਨੂੰ ਵਾਹਿਗੁਰੂ ਜਾਂ ਉਸ ਦਾ ਨਮਾਇੰਦਾ ਨਹੀਂ ਅਖਵਾਯਾ । ਬਾਣੀ ਵਿਚ ਆਖਦੇ ਹਨ:-

(ੳ) ਨਾਨਕੁ ਨੀਚ ਕਹੈ ਵੀਚਾਰ ।

(ਅ) ਹਉ ਢਾਢੀ ਵੇਕਾਰ ਕਾਰੈ ਲਾਇਆ ।
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ।

(ੲ )ਮੈਂ ਕੀਤਾ ਨਾ ਜਾਤਾ ਹਰਾਮੁ ਖੋਰੁ ।

(ਸ) ਕਹ ਨਾਨਕ ਹਮ ਨੀਚ ਕਰੰਮਾ

(ਹ) ਨਾਨਕ ਦਾਸ ਤੇਰੀ ਸਰਨਾਈ ਸਦਾ ਸਦਾ ਬਲਿਹਾਰੇ ।

(੫)ਵਾਹਿਗੁਰੂ ਜੀ ਦੀ ਰਜ਼ਾ ਮੰਨਣੀ ਤੇ ਉਸ ਅਗੇ ਅਰਦਾਸ ਕਰਨੀ:-

(ੳ) ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ।

(ਅ) ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ।

(ੲ) ਨਾਨਕੁ ਏਕ ਕਹੈ ਅਰਦਾਸਿ
ਵਿਸਰੁ ਨਾਹੀ ਪੂਰਨ ਗੁਣ ਤਾਸਿ।

(ਸ) ਨਾਨਕ ਹੁਕਮ ਨ ਚਲਈ ਨਾਲਿ ਖਸਮ ਚਲੈ ਅਰਦਾਸਿ ।

(ਹ) ਤੇਰਾ ਭਾਣਾ ਮੀਠਾ ਲਾਗੈ ।

(ਕ) ਮਿਠਤੁ ਨੀਵੀ ਨਾਨਕਾ ਗੁਣ ਚੰਗਾਈਆਂ ਤਤੁ ।

ਗੁਰੂ ਨਾਨਕ ਜੀ ਦੀ ਅਰਦਾਸ ਕੇਵਲ ਆਪਣੇ ਭਲੇ ਵਾਸਤੇ ਹੀ

ਨਹੀਂ ਸਗੋਂ ਸਰਬ ਮਨੁਖ ਮਾਤਰ ਦੇ ਭਲੇ ਲਈ ਹੈ ਆਪ ਕਹਿੰਦੇ ਹਨ:-

ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

(੬) ਗੁਰੂ ਜੀ ਦੀ ਸਰਬ ਸਾਂਝੀ ਤੇ ਮਜ਼ਬੀ ਰਵਾਦਾਰੀ ਦੀ ਤਾਲੀਮ:-

ਗੁਰੂ ਜੀ ਦੀ ਤਾਲੀਮ ਸਭ ਲਈ ਸਾਂਝੀ ਹੈ ਤੇ ਖ਼ਾਸ ਤੌਰ ਤੇ ਹਿੰਦੂ ਤੇ ਇਸਲਾਮ ਵਿਚ ਇਤਹਾਦ ਪੈਦਾ ਕਰਨ ਦੀ ਹੈ। ਕਿਉਂਕਿ ਪਿਛਲੀ ਨੌਂ ਸਦੀਆਂ ਤੋਂ ਭਾਰਤ ਵਰਸ਼ ਹਿੰਦੂ ਤੇ ਮੁਸਲਮਾਨ ਝਗੜੇ ਦਾ ਸ਼ਕਾਰ ਬਣੀ ਹੋਈ ਹੈ। ਤੇ ਗੁਰੂ ਨਾਨਕ ਦੇ ਸਮੇਂ ਵਿਚ ਵੀ ਇਨ੍ਹਾਂ ਦੀ ਟਕੱਰ ਪੂਰੇ ਜੋਬਨ ਤੇ ਸੀ।

ਗੁਰੂ ਜੀ ਦੇ ਪੰਜਵੇਂ ਜਾਮੇ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਰਚਕੇ-ਜਿਸ ਵਿਚ ਕਿ ਗੁਰੂ ਨਾਨਕ ਦੇਵ ਜੀ ਦੇ ਵਖਰੇ ਵਖਰੇ ਜਾਮਿਆਂ ਦੀ ਬਾਣੀ ਤੋਂ ਇਲਾਵਾ ਬੁਹਤ ਸਾਰੇ ਭਗਤਾਂ ਦੀ ਬਾਣੀ ਵੀ ਦਰਜ ਕਰਕੇ ਦੁਨੀਆਂ ਤੇ ਮਜ਼ਬੀ ਰਵਾਦਾਰੀ ਦੀ ਜ਼ਿੰਦਾ ਮਿਸਾਲ ਪੇਸ਼ ਕੀਤੀ ਹੈ। ਇਹਨਾਂ ਭਗਤਾਂ ਵਿਚ ਸਿਰਫ਼ ਹਿੰਦੂ ਹੀ ਨਹੀਂ ਬਲਕਿ ਕਈ ਮੁਸਲਮਾਨ ਭਗਤ, ਕਬੀਰ ਜੀ, ਫ਼ਰੀਦ ਜੀ, ਭੀਖਣ ਜੀ, ਸਦਨਾ ਜੀ, ਆਦਿਕ ਵੀ ਹਨ। ਦੁਨੀਆਂ ਦੇ ਮਜ਼ਬਾਂ ਦੀਆਂ ਰੂਹਾਨੀ ਕਿਤਾਬਾਂ ਵਿਚੋਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ ਜਿਸ ਵਿਚ ਕਿ ਸਿਖ ਧਰਮ ਦੇ ਗੁਰੂ ਸਾਹਿਬਾਨ ਤੋਂ ਇਲਾਵਾ ਬਾਕੀ ਧਰਮਾਂ ਦੇ ਭਗਤਾਂ ਦੀ ਬਾਣੀ ਵੀ ਦਰਜ ਕੀਤੀ ਗਈ ਹੈ। ਕੀ ਇਹ ਗੱਲ ਸਾਫ਼ ਜ਼ਾਹਿਰ ਨਹੀਂ ਕਰਦੀ ਕਿ ਗੁਰੂ ਨਾਨਕ ਸਭ ਦਾ ਸਾਂਝਾ ਹੈ?

(੭) ਗੁਰੂ ਜੀ ਦਾ ਆਪਣੇ ਦੇਸ ਤੇ ਕੌਮ ਤੋਂ ਬਾਹਿਰ ਤਾਲੀਮ ਤੇ ਪ੍ਰਚਾਰ:-

ਦੁਨੀਆਂ ਦੇ ਅਵਤਾਰਾਂ ਤੇ ਪੈਗੰਮਬਰਾਂ ਵਿਚ ਗੁਰੂ ਨਾਨਕ

ਇਕ ਬੇਮਿਸਾਲ ਸ਼ਖ਼ਸੀਅਤ ਏਸ ਕਰਕੇ ਵੀ ਰਖਦੇ ਹਨ, ਕਿ ਆਪ ਨੇ ਸੱਚੇ ਧਰਮ ਦਾ ਪ੍ਰਚਾਰ ਸਿਰਫ਼ ਪੰਜਾਬ ਵਿਚ (ਜਿਸ ਧਰਤੀ ਵਿਚ ਆਪ ਜੀ ਦੀ ਪਵਿਤ੍ਰ ਆਤਮਾਂ ਨੇ ਅਵਤਾਰ ਲਿਆ) ਹੀ ਨਹੀਂ ਪੰਤੂ ਭਾਰਤਵਰਸ਼ ਦੇ ਕੋਨੇ ਕੋਨੇ ਵਿਚ ਆਪਣੇ ਵਾਹਿਦਾਨੀਅਤ ਸੁਲ੍ਹਾ, ਇਤਹਾਦ,ਆਸ਼ਤੀ, ਤੇ ਸਾਂਝੀ ਵਾਲਤਾ ਦੇ ਸੰਦੇਸ਼ ਨੂੰ ਪਹੁੰਚਾਯਾ। ਏਸ ਤੋਂ ਉਪਰੰਤ ਸੰਗਲਾਦੀਪ, ਤਿੱਬਤ ਈਰਾਨ, ਅਰਬ ਆਦਿਕ ਦੇਸਾਂ ਵਿਚ ਵੀ ਸਚੇ ਧਰਮ ਦਾ ਪਚਾਰ ਕੀਤਾ। ਹਰ ਜਗ੍ਹਾ ਉਸ ਦੇਸ਼ ਦੀ ਬੋਲੀ ਵਿਚ ਉਹਨਾਂ ਲੋਕਾਂ ਨੂੰ ਉਪਦੇਸ਼ ਦਿਤਾ। ਜਿਥੇ ਹਿੰਦੂ ਤੀਰਥਾਂ-ਹਰਦਵਾਰ, ਜਗਨੱਥਪੁਰੀ ਆਦਿਕ ਤੇ ਜਾਕੇ ਹਿੰਦੂਆਂ ਨੂੰ ਉਪਦੇਸ਼ ਕੀਤਾ ਉਥੇ ਅਰਬ ਵਰਗੇ ਦੂਰ ਦੁਰਾਡੇ ਦੇਸਾਂ ਵਿਚ ਮੱਕੇ ਜਾ ਕੇ ਮਖਦੂਮ ਰੁਕਨ ਦੀਨ ਵਰਗੇ ਕਾਜ਼ੀਆਂ ਤੇ ਹੋਰ ਜੰਤਾ ਨੂੰ ਵੀ ਆਪਨੇ ਰੂਹਾਨੀ ਉਪਦੇਸ਼ ਨਾਲ ਤਾਰਿਆ।

ਇਸ ਹੈਸੀਅਤ ਵਿਚ ਗੁਰੂ ਨਾਨਕ ਆਪਨੀ ਮਿਸਾਲ ਆਪ ਹਨ। ਸਿਰਫ਼ ਗੁਰੂ ਨਾਨਕ ਨੇ ਹੀ ਕੁਲ ਮਨੁਖ ਜਾਤੀ ਨੂੰ ਇਕ ਕੌਮ ਸਮਝਕੇ ਉਸਦਾ ਸੁਧਾਰ ਕੀਤਾ ਹੈ। ਕਿਸੇ ਨੂੰ ਤਲਵਾਰ ਦੇ ਜ਼ੋਰ ਆਪਨਾ ਪੈਰੋਕਾਰ ਨਹੀਂ ਬਨਾਯਾ, ਬਲਕਿ ਸਚੇ ਧਰਮੀ ਦਾ ਪ੍ਰਚਾਰ ਕੀਤਾ ਹੈ।

**ਸਿੱਖ ਦੇ ਲੱਛਣ ਕੀ ਹਨ ?** ਗੁਰੂ ਨਾਨਕ ਜੀ ਬਾਣੀ ਦਵਾਰਾ ਇਉਂ ਦਸਦੇ ਹਨ–

ਬੋਲਹਿ ਸਾਚ, ਮਿਥਿਆ ਨਹੀ ਰਾਈ।
ਚਾਲਹਿ ਗੁਰਮੁਖ ਹੁਕਮ ਰਜਾਈ।
ਰਹਹਿ ਅਤੀਤ ਸਚੇ ਸਰਣਾਈ।
ਸਤਿਗੁਰ ਦੇਖਿਅ ਦੀਖਿਆ ਲੀਨੀ।
ਮਨ ਤਨ ਅਰਪਿਓ ਅੰਤਰ ਗਤ ਕੀਨੀ।

ਸਾਚ ਮਹਿਲ ਗੁਰੁ ਅਲਖ ਲਖਾਇਆ ।
ਸਾਚ ਸੰਤੋਖ ਭਰਮ ਚੁਕਾਇਆ ।
ਜਿਨ ਕੈ ਮਨ ਵਸਿਆ ਸਚ ਸੋਈ,
ਤਿਨ ਕੀ ਸੰਗਤਿ ਗੁਰਮੁਖ ਹੋਈ ।
ਨਾਨਕ ਸਾਚ ਨਾਮ ਮਲ ਖੋਈ।

ਇਹ ਹੈ ਗੁਰੂ ਨਾਨਕ ਦਾ ਮਜ਼ਬ। ਦਸਮ ਪਾਤਸ਼ਾਹ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜ਼ਿਕਰ ਕਰਦੇ ਹੋਏ ਫਰਮਾਉਂਦੇ ਹਨ- "ਤਿਨ ਇਹ ਕਲਿ ਮੇਂ ਧਰਮ ਚਲਾਯੋ, ਸਭ ਸਾਧਨ ਕੋ ਰਾਹ ਬਤਾਯੋ। ਜੋ ਤਾਕੇ ਮਾਰਗ ਮੇਂ ਆਯੇ, ਤੇ ਕਬਹੂੰ ਨਹਿ ਪਾਪ ਸੰਤਾਯੇ । ਇਹਨਾਂ ਸਾਰੀਆਂ ਗੱਲਾਂ ਨੂੰ ਸਾਹਮਣੇ ਰਖਕੇ ਦਿਲ ਵਿਚ ਇਹ ਪ੍ਰਸ਼ਨ ਉਠਦਾ ਹੈ, ਕਿ ਕੀ ਦੁਨੀਆਂ ਨੇ ਹੁਣ ਤਕ ਗੁਰੂ ਨਾਨਕ ਦੇਵ ਜੀ ਦੀ ਤਾਲੀਮ ਨੂੰ ਚੰਗੀ ਤਰ੍ਹਾਂ ਸਮਝ ਲਿਆ ਹੈ ? ਜੇ ਸਮਝ ਲਿਆ ਹੈ ਤੇ ਕੀ ਦੁਨੀਆਂ ਏਡੇ ਵਡੇ ਮਹਾਂਪੁਰਸ਼ ਦੇ ਇਹਸਾਨ ਨੂੰ ਵੀ ਭੁਲ ਸਕਦੀ ਹੈ ? ਜੌਹਰੀ ਤੋਂ ਬਿਨਾਂ ਕੋਈ ਹੀਰੇ ਦੀ ਪਰਖ ਵੀ ਤੇ ਨਹੀਂ ਕਰ ਸਕਦਾ। ਪਰ ਹੀਰੇ ਤਾਂ ਹੀਰੇ ਹੀ ਰਹਿੰਦੇ ਹਨ ਭਾਵੇਂ ਕੋਈ ਪਰਖਣ ਵਾਲਾ ਹੋਵੇ ਤੇ ਭਾਵੇਂ ਨ ਹੋਵੇ । ਅਜਿਹੇ ਹੀਰੇ ਪਰਖਣ ਵਾਲੀਆਂ ਅੱਖਾਂ ਤਾਂ ਮਨੁਖ ਮਾਯਾ ਦੇ ਨਸ਼ੇ ਵਿਚ ਅਨ੍ਹਾਂ ਹੋ ਕੇ ਗਵਾ ਬੈਠਦਾ ਹੈ। ਜਿਸ ਤਰ੍ਹਾਂ ਕਿ ਬਾਣੀ ਵਿਚ ਫ਼ਰਮਾਯਾ ਹੈ:--

(੧) ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ ।
ਜੋਤਿ ਬਿਨਾਂ ਜਗਦੀਸ ਕੀ ਜਗਤੁ ਉਲੰਘੇ ਜਾਇ ॥
(੨) ਅੰਧੇ ਇਹ ਨ ਆਖੀਅਨ ਜਿਨ ਮੁਖ ਲੋਇਣ ਨਾਹਿ।
ਅੰਧੇ ਸੋਈ ਨਾਨਕਾ ਖਸਮਹੁ ਘੁਥੇ ਜਾਹਿ ॥

ਵਕਤ ਲੰਘਨ ਨਾਲ ਵੀ ਇਹਨਾਂ ਹੀਰਿਆਂ ਦੀ ਚਮਕ ਉਤੇ ਕੋਈ ਅਸਰ ਨਹੀਂ ਪੈਂਦਾ ਅਤੇ ਇਹ ਹੀਰੇ ਸਮਾਂ ਆਉਣ ਤੇ ਫੇਰ ਮੁੜਕੇ ਹਨੇਰੀ ਦੁਨੀਆਂ ਨੂੰ ਨੂਰੋ ਨੂਰ ਕਰ ਦੇਂਦੇ ਹਨ ।

'ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜੱਗ ਚਾਨਣ ਹੋਆ। ਸੰਸਾਰ ਨੂੰ ਸਤਿਨਾਮ ਦਾ ਉਪਦੇਸ਼ ਦੇਕੇ ਨਿਹਾਲ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਅਸੂ ਵਦੀ ੧੦ ਸੰਮਤ ੧੫੯੬ ਬਿ: (੧੫੩੯ ਈ.) ਨੂੰ ਕਰਤਾਰਪੁਰ ਵਿਖੇ ਸਤਿ ਕਰਤਾਰ ਵਿਚ ਲੀਨ ਹੋ ਗਏ।

ਹੁਣ ਕਰਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਫਤ ਵਿਚ ਆਪਣੀ ਇਕ ਕਵਿਤਾ ਤੇ ਨਾਲ ਹੀ ਦੁਖੀ ਦੀ ਰੂਹ ਦੀ ਪੁਕਾਰ ਪੇਸ਼ ਕਰਦਾ ਹੈ:-

"ਕਿਸੇ ਕਿਹਾ ਪ੍ਰਵਾਨੇ ਨੇ ਸ਼ਮ੍ਹਾਂ ਤਾਈਂ,
ਕਿਉਂ ਨੇ ਬੱਤੀਆਂ ਏਨੀਆਂ ਜਗ ਰਹੀਆਂ ?
ਉਤੋਂ ਚੰਦ ਕਰਦਾ ਵਰਖਾ ਰੋਸ਼ਨੀ ਦੀ,
ਬੱਲੇ ਨੂਰ ਦੀਆਂ ਨਦੀਆਂ ਵੱਗ ਰਹੀਆਂ।
ਕੰਮ ਕਾਰ ਜਹਾਨ ਦੇ ਛੱਡ ਸਾਰੇ,
ਥਾਂ ਥਾਂ ਮਹਿਫ਼ਲਾਂ ਅੱਜ ਨੇ ਲੱਗ ਰਹੀਆਂ।
ਜਿਨ੍ਹਾਂ ਬੱਤੀਆਂ ਦੇ ਤੇਲ ਮੁੱਕ ਗਏ ਸੀ,
ਓਹ ਵੀ ਅੱਜ ਮੁੜਕੇ ਜੱਗ ਮੱਗ ਰਹੀਆਂ।
ਝੱਟ ਸ਼ਮ੍ਹਾਂ ਨੇ ਇਹ ਜਵਾਬ ਦਿਤਾ,
ਜਾ ਵੇ ਮੂਰਖਾ ਕੋਈ ਨਾ ਸਾਰ ਤੈਨੂੰ।
ਸਦਾ ਕਰੇਂ ਹੇਰਾ ਫੇਰੀ ਗਿਰਦ ਮੇਰੇ,
ਹੋਰ ਜਾਪਦੀ ਕੋਈ ਨਾ ਕਾਰ ਤੈਨੂੰ।
ਸ਼ਾਲਾ ਰਹੇਂ ਫ਼ਿਰਾਕ ਦੇ ਵਿਚ ਸੜਦਾ !
ਪਵੇ ਇਸ਼ਕ ਦਰਬਾਰ ਦੀ ਮਾਰ ਤੈਨੂੰ।
ਤੱਤੇ ਲੇਖਿਆ ਕਰਮਾਂ ਤੋਂ ਹੀਣਿਆਂ ਵੇ,
ਅੱਜ ਪਤਾ ਨ ਕਿਹੜਾ ਹੈ ਵਾਰ ਤੈਨੂੰ ?

ਅੱਜ ਦਿਨ ਓਹ ਹੈ ਵੱਡੇ ਭਾਗ ਵਾਲਾ,
ਜਦੋਂ ਜਗ ਉਤੇ ਨਾਨਕ ਪੀਰ ਆਇਆ।
ਮੋਢੇ ਧਰੀ ਕਮਾਨ ਤੌਹੀਦ ਵਾਲੀ,
ਲੈਕੇ ਏਕਤਾ ਦਾ ਨਾਨਕ ਤੀਰ ਆਇਆ।
'ਜਦੋਂ ਯਾਦ ਕਰਸੇਂ ਭੈਣੇ ਆ ਜਾਸਾਂ',
ਪਿਆਰੀ ਨਾਨਕੀ ਦਾ ਨਾਨਕ ਵੀਰ ਆਇਆ।
ਰਹੀਆਂ ਤੜਪ ਜੋ ਮਾਹੀ ਦੀ ਯਾਦ ਅੰਦਰ,
ਓਹਨਾਂ ਅੱਖੀਆਂ ਦਾ ਨਾਨਕ ਨੀਰ ਆਇਆ।
ਸਾਡਾ ਮਾਹੀ ਪਿਆਰੜਾ ਜੱਗ ਅੰਦਰ,
ਸ਼ਰ੍ਹਾ ਕਾਜ਼ੀਆਂ ਤਾਈਂ ਸਿਖਾਉਣ ਆਇਆ।
ਸੱਚੀ ਪ੍ਰੀਤ ਵਾਲੀ ਫੱਟੀ ਹੱਥ ਲੈਕੇ,
ਭੋਲੇ ਪੰਡਤਾਂ ਤਾਈਂ ਪੜ੍ਹਾਉਣ ਆਇਆ।
ਪਏ ਭੁਲਦੇ ਭਟਕਦੇ ਫਿਰਨ ਜਿਹੜੇ,
ਓਹਨਾਂ ਭੁਲਿਆਂ ਨੂੰ ਰਸਤੇ ਪਾਉਣ ਆਇਆ।
ਬੂਟਾ ਪੁੱਟ ਕ ਝੂਠਿਆਂ ਸੌਦਿਆਂ ਦਾ,
'ਸੱਚੇ ਸੌਦਿਆਂ' ਦਾ ਬੂਟਾ ਲਾਉਣ ਆਇਆ।
ਚਾਰੂ ਮੱਝੀਆਂ ਦਾ ਰਾਖਾ ਖੇਤੀਆਂ ਦਾ,
ਕਈ ਔਹਜੜੇ ਦੇਸ ਵਸਾਉਣ ਆਇਆ।
ਬਣਕੇ ਚੰਦ ਓਹ ਚੌਦਵੀਂ ਰਾਤ ਵਾਲਾ,
ਕਾਲੀ ਧੁੰਧ ਗ਼ੁਬਾਰ ਮਿਟਾਉਣ ਆਇਆ.
ਦੀਵਾ ਰਾਜਗੀ ਦਾ ਮੱਥੇ ਲਾਕੇ ਤੇ,
ਚਾਰੇ ਜੁਗਾਂ ਦਾ ਰਾਜ ਕਮਾਉਣ ਆਇਆ।
ਸੂਰਜ ਚੰਦ ਤਾਰੇ ਓਹਦੇ ਬਣੇ ਗਹਿਣੇ,
ਨੀਲੇ ਅੰਬਰਾਂ ਦਾ ਚੋਲਾ ਪਾਉਣ ਆਇਆ।
ਜੀਹਦੇ ਹੱਥ ਦੇ ਪੰਜੇ ਨੂੰ ਛੋਹਕੇ ਤੇ,
ਵੱਡੇ ਵੱਡੇ ਪਹਾੜ ਵੀ ਰੁੱਕ ਗਏ ਸੀ।

ਕਰਾਮਾਤ ਜੀਹਦੀ ਡਾਢੀ ਤੱਕ ਕੇ ਤੇ,
ਕਈ 'ਵਲੀ ਕੰਧਾਰੀ' ਵੀ ਝੁੱਕ ਗਏ ਸੀ।
ਆਪੇ ਚਲਦੀਆਂ ਵੇਖਕੇ ਚੱਕੀਆਂ ਨੂੰ,
ਬਾਬਰ ਜਹੇ ਵੀ ਜ਼ੁਲਮ ਤੋਂ ਰੁੱਕ ਗਏ ਸੀ।
ਜੀਹਦੀ ਤੱਕ ਅਨੋਖੜੀ ਸ਼ਾਨ ਸੋਹਣੀ,
ਸੱਜਣ ਠੱਗ ਜਹੇ ਠੱਗੀਓਂ ਉੱਕ ਗਏ ਸੀ।
ਵੱਡਾ ਵਲੀ ਅਵਤਾਰ ਤੇ ਪੀਰ ਸੀ ਓਹ,
ਸੱਚੀ ਪ੍ਰੀਤ ਦਾ ਅਲੱਖ ਜਗਾਉਂਦਾ ਸੀ।
ਰਹਿੰਦਾ ਨਾਮ ਖ਼ੁਮਾਰੀ ਦੇ ਵਿਚ ਰੱਤਾ,
ਇਕ ਰੱਬਦੀ ਰਾਗਨੀ ਗਾਉਂਦਾ ਸੀ।
ਹਿੰਦੂ ਮੁਸਲਿਮਾਂ ਵਿਚ ਨ ਫ਼ਰਕ ਸਮਝੇ,
ਸਾਂਝਾ ਦੋਹਾਂ ਦਾ ਪੀਰ ਅਖਵਾਉਂਦਾ ਸੀ।
ਏਕਤਾਈ ਦੇ ਖੋਹਲੇ ਸਕੂਲ ਨਾਨਕ,
ਅੱਖਰ ਦੂਈ ਦੇ ਤ ਈਂ ਮਿਟਾਉਂਦਾ ਸੀ।"
ਹੁਣ ਤੇ ਸਮਾਂ ਕੁਝ ਹੋਰ ਦਾ ਹੋਰ ਹੋਯਾ,
ਛੇਤੀ ਨਾਲ ਨਾਨਕ ਅਸੀਂ ਭੁੱਲ ਗਏ ਹਾਂ।
ਜੜ੍ਹਾਂ ਸਾਡੀਆਂ ਵਿਚ ਪੈ ਗਿਆ ਪਾਣੀ,
ਹਵਾ ਤੱਤੜੀ ਦੇ ਮਾਰੇ ਹੁੱਲ ਗਏ ਹਾਂ।
ਸਾਨੂੰ ਹੀਰੇ ਤੇ ਲਾਲ ਬਣਾਇਆ ਸੀ ਤੂੰ,
ਕੱਚੀ ਕੌਡੀਆਂ ਤੋਂ ਸਾਵੀਂ ਤੁੱਲ ਗਏ ਹਾਂ।
ਮਾਰੇ ਸਮੇਂ ਦੇ ਓਪਰੇ ਝਖੜਾਂ ਦੇ,
ਮਿੱਟੀ ਵਿਚ ਨਾਨਕ ਅਸੀਂ ਰੁੱਲ ਗਏ ਹਾਂ।
ਬੂਟਾ ਸਿੱਖੀ ਦਾ ਜਿਹੜਾ ਲਗਾਯਾ ਸੀ ਤੂੰ,
ਖਾਲੀ ਮਹਿਕ ਤੋਂ ਓਹਦੀ ਬਹਾਰ ਨਾਨਕ।
ਪੱਤੇ ਡੋਡੀਆਂ ਤੋਂ ਵਖੋ ਵੱਖ ਹੋਏ,
ਹੋਈਆਂ ਟਾਹਨੀਆਂ ਆਪ ਮੁਹਾਰ ਨਾਨਕ।

ਤੇਰੀ 'ਨਾਮ ਖ਼ੁਮਾਰੀ' ਨੂੰ ਭੁਲਕੇ ਤੇ,
ਚੜ੍ਹੀ ਹੋਰ ਹੀ ਕੋਈ ਖ਼ੁਮਾਰ ਨਾਨਕ।
ਲਾਲੋ, ਲੱਖੀ ਨਾਹੀ ਕੋਈ ਯਾਦ ਸਾਨੂੰ,
ਚੇਤੇ ਰਹਿਆ ਨਾ ਰਾਏ-ਬੁਲਾਰ ਨਾਨਕ।
ਜਿਹੜੀ ਪ੍ਰੇਮ ਦੀ ਸ਼ਮ੍ਹਾਂ ਜਗਾਈ ਸੀ ਤੂੰ,
ਨਿਮਹੀਂ ਹੋਂਵਦੀ ਓਸਦੀ ਲਾਟ ਜਾਪੇ।
ਕਠਨ ਲੱਗਦੀ ਪੀਆ ਦੀ ਮਿਲਨ ਸਾਨੂੰ,
ਕਾਲ਼ੀ ਰਾਤ ਤੇ ਔਹਜੜੀ ਵਾਟ ਜਾਪੇ।
ਜਿਹੜਾ ਮਹਿਲ ਬਨਾਯਾ ਤੂੰ ਇਕਤਾ ਦਾ,
ਢਾਹੁੰਦੀ ਜਾਂਵਦੀ ਓਸਦੀ ਡਾਟ ਜਾਪੇ।
ਝੂਠੇ ਸੌਦਿਆਂ ਦੀ ਮੰਡੀ ਤੇਜ਼ ਹੋਈ,
'ਸੱਚੇ ਸੌਦਿਆਂ ਨੂੰ ਪੈਂਦੀ ਘਾਟ ਜਾਪੇ।
"ਦੁਖੀ ਰੂਹ ਪੰਜਾਬ ਦੀ ਕੂਕ ਰਹੀਏ,
ਛੇਤੀ ਨਾਲ ਇਥੇ ਫੇਰਾ ਪਾ ਨਾਨਕ।
ਹੋਵੇ ਬਾਲਾ, ਮਰਦਾਨਾ ਵੀ ਸੰਗ ਤੇਰੇ,
ਆਕੇ ਗੀਤ ਉਰਫ਼ਾਨ ਦੇ ਗਾ ਨਾਨਕ
ਚਹਿਲ ਪਹਿਲ ਤਲਵੰਡੀ ਦੇ ਵਿਚ ਹੋਵੇ,
ਮੁੜਕੇ ਫੇਰ ਨਨਕਾਨਾ ਵਖਾ ਨਾਨਕ
ਸਿਖਾਂ, ਹਿੰਦੂਆਂ, ਮੁਸਲਿਮਾਂ ਹੋਰਨਾਂ ਨੂੰ,
ਕਠੇ ਰਹਿਣ ਦੀ ਜਾਚ ਸਖਾ ਨਾਨਕ।
ਜਿਨ੍ਹਾਂ ਪੁਤਾਂ ਨੂੰ ਛਾਤੀ ਤੇ ਪਾਲਿਆ ਮੈਂ,
ਓਹਨਾਂ ਅੱਜ ਮੈਨੂੰ ਪ੍ਰੇਸ਼ਾਨ ਕੀਤਾ।
ਮੇਰੇ ਜਿਗਰ ਦੇ ਵਿਚ ਨੇ ਪਾਏ ਪਾੜੇ,
ਝਗੜਾ ਹਿੰਦ ਦਾ ਤੇ ਪਾਕਿਸਤਾਨ ਕੀਤਾ।
ਇਹਨਾਂ ਪੰਜਾਂ ਦਰਿਆਵਾਂ ਦੀ ਮੈਂ ਰਾਣੀ
ਵਾਂਗ ਗੋਲੀਆਂ ਮੈਨੂੰ ਬੇਸ਼ਾਨ ਕੀਤਾ।

ਝੂਠੇ ਦੀਨ ਤੇ ਧਰਮ ਵਿਚ ਹੋ ਅੰਨ੍ਹੇ,
ਮੇਰੀ ਹਿੱਕ ਨੂੰ ਲਹੂ ਲੁਹਾਨ ਕੀਤਾ।
ਕੋਈ ਆਖਦਾਏ ਪਾਕਿਸਤਾਨ ਮੈਨੂੰ,
ਕੋਈ ਕਹੇ ਮੈਂ ਹਾਂ ਹਿੰਦੁਸਤਾਨ ਹੋਈ।
ਇਹਨਾਂ ਘਰਦਿਆਂ ਭੇਦੀਆਂ ਢਾਈ ਲੰਕਾ.
ਬੇਇੱਜ਼ਤੀ ਵਿਚ ਜਹਾਨ ਹੋਈ।
ਤੇਰਾ ਪ੍ਰੀਤ ਵਾਲਾ ਤੀਰ ਲੱਭਦਾ ਨਾ,
ਟੋਟੇ ਏਕਤਾ ਵਾਲੀ ਕਮਾਨ ਹੋਈ।
ਮੈਂ ਤੇ ਸੋਹਜਦੀ ਸਾਂ ਰਾਜ ਗੱਦੀਆਂ ਤੇ,
ਕਈਆਂ ਦਰਾਂ ਦੀ ਅੱਜ ਦਰਬਾਨ ਹੋਈ।"
ਇਹਨਾਂ ਪੰਡਿਤਾਂ, ਕਾਜ਼ੀਆਂ, ਭਾਈਆਂ ਨੂੰ,
ਆਕੇ ਪ੍ਰੇਮ ਦੀ ਕਲਮ ਫੜਾ ਨਾਨਕ।
ਓਹੋ ਪ੍ਰੀਤ ਵਾਲੀ ਫੱਟੀ ਹੱਥ ਦੇਕੇ,
ਅੱਖਰ ਏਕਤਾ ਵਾਲਾ ਲਖਾ ਨਾਨਕ।
ਭਰਮਾਂ ਵਿਚ ਨੇ ਭਟਕਦੇ ਸਿੱਖ ਤੇਰੇ,
ਸਿੱਖੀ ਰਾਹ ਤੇ ਏਹਨਾਂ ਨੂੰ ਪਾ ਨਾਨਕ।
ਆਕੇ ਹਿੰਦੂਆਂ ਤਾਈਂ ਸਮਝਾ ਨਾਨਕ,
ਅਤੇ ਮੋਮਨਾਂ ਤਾਈਂ ਪੜ੍ਹਾ ਨਾਨਕ।
ਅਸੀਂ ਖੜੇ ਹਾਂ ਵਿਚ ਉਡੀਕ ਸਾਰੇ,
ਮੋਦੀ ਖ਼ਾਨਿਆਂ ਦੇ ਬੂਹੇ ਖੋਹਲ ਜਾਈਂ।
ਲਈਏ ਸਚਿਆ ਮੋਦੀਆ ਖੈਰ ਤੇਥੋਂ,
ਫੜੀ ਤੱਕੜੀ ਤੇ ਪੂਰਾ ਤੋਲ ਜਾਈਂ।
ਧੁੰਦੂਕਾਰ ਅੰਧੇਰੜੇ ਜੱਗ ਅੰਦਰ,
ਸੱਚੇ ਧਰਮ ਦੀ ਗੰਢ ਨੂੰ ਖੋਹਲ ਜਾਈਂ।
ਏਸ ਉਜੜੇ ਬਾਗ਼ ਦੇ ਵਿਚ ਆਕੇ,
ਮਿੱਠੇ ਗੀਤ ਮਿਲਾਪ ਦੇ ਬੋਲ ਜਾਈਂ।

ਪਏ ਕੂਕਦੇ ਹਾਂ ਘੜੀ ੨ ਏਹੋ,
ਛੇਤੀ ਆ ਨਾਨਕ ਛੇਤੀ ਆ ਨਾਨਕ।
ਡੁੱਬੇ ਜ਼ੁਲਮ ਤੇ ਪਾਪ ਦੇ ਰੋੜ੍ਹ ਅੰਦਰ,
"ਸਤਿਨਾਮ" ਦੀ ਬੜੀ ਚੜ੍ਹਾ ਨਾਨਕ।
ਭਾਰਤ ਵਰਸ਼ ਦੇ ਆਗੂਆ ਫੇਰ ਏਥੇ,
ਬਾਗ਼ ਏਕਤਾ ਵਾਲੇ ਲਗਾ ਨਾਨਕ।
"ਪੱਨੂੰ" ਜਿਹਾ ਨਿਮਾਣਾਂ ਵੀ ਕਰ ਅਰਜ਼ਾਂ,
ਛੇਤੀ ਆ ਨਾਨਕ ਛੇਤੀ ਆ ਨਾਨਕ।

ਇਤੀ

SIMLA

## ਗੁਰੂ ਘਰ ਦੇ ਪ੍ਰੇਮੀਓ ਚੇਤੇ ਰਖੋ!

ਜਦ ਭੀ ਆਪਨੂੰ ਗੁਰ ਘਰ ਦੇ ਪੁਸਤਕ, ਸੁੰਦ੍ਰ ਗੁਟਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਂ ਟੀਕੇ ਵਾਲੇ ਗ੍ਰੰਥਾਂ ਦੀ ਲੋੜ ਪਵੇ ਤਾਂ ਹੇਠ ਲਿਖੇ ਪਤੇ ਤੇ ਦਰਸ਼ਨ ਦਿਓ।

ਪ੍ਰਾਰਥਕ:-ਭਾ: ਲੱਧਾ ਸਿੰਘ ਐਂਡ ਸੰਨਜ਼
ਗੁਰਦੁਵਾਰਾ ਕਰੋਲ ਬਾਗ਼ ਦਿਲੀ

---

ਗਿਆਨੀ ਸੁੰਦਰ ਸਿੰਘ ਦੇ ਪ੍ਰਬੰਧ ਨਾਲ ਹਿਮਾਚਲ ਪ੍ਰੇਸ ਡਿਪਟੀ ਗੰਜ ਦਿਲੀ ਵਿਚ ਛਪਿਆ ਤੇ ਸ: ਕ੍ਰਿਪਾਲ ਸਿੰਘ ਨੇ ਪ੍ਰਕਾਸ਼ਤ ਕੀਤਾ।

Library IIAS
PB 709 Si 64 T
00021572